ਮੰਗਲਵਾਰ, 14 ਮਈ, 2024
1 ਜੇਠ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 72
ਅੰਕ/NO. : 344

ਨਵਾਂ ਜ਼ਮਾਨਾ

DAILY NAWAN ZAMANA • TUESDAY, 14 MAY, 2024
ਜਲੰਧਰ
nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਚੌਥੇ ਗੇੜ 'ਚ ਵੀ ਮੱਠੀ ਪੋਲਿੰਗ

ਸ੍ਰੀਨਗਰ ਵਿਚ ਵੋਟ ਪਾਉਣ ਲਈ ਲਾਈਨਾਂ ਵਿਚ ਲੱਗੇ ਲੋਕ।

ਨਵੀਂ ਦਿੱਲੀ : ਲੋਕ ਸਭਾ ਚੋਣਾਂ ਲਈ ਪੋਲਿੰਗ ਦੇ ਚੌਥੇ ਗੇੜ 'ਚ 96 ਸੀਟਾਂ 'ਤੇ ਸ਼ਾਮ 5 ਵਜੇ ਤੱਕ 62.31 ਫੀਸਦੀ ਪੋਲਿੰਗ ਹੋਈ। ਸਭ ਤੋਂ ਵੱਧ ਪੱਛਮੀ ਬੰਗਾਲ 'ਚ 75.66 ਫੀਸਦੀ ਅਤੇ ਸਭ ਤੋਂ ਘੱਟ 35.75 ਫੀਸਦੀ ਸ੍ਰੀਨਗਰ ਹਲਕੇ 'ਚ ਹੋਈ। ਆਂਧਰਾ ਅਸੰਬਲੀ ਦੀਆਂ ਸਾਰੀਆਂ 175 ਸੀਟਾਂ ਲਈ 67.99 ਫੀਸਦੀ, ਜਦਕਿ ਓਡੀਸ਼ਾ ਅਸੰਬਲੀ ਦੇ ਪਹਿਲੇ ਗੇੜ 'ਚ 28 ਸੀਟਾਂ ਲਈ 62.96 ਫੀਸਦੀ ਵੋਟਾਂ ਪਈਆਂ। ਪੋਲਿੰਗ ਕੁਝ ਵਧ ਸਕਦੀ ਹੈ, ਕਿਉਂਕਿ ਜਿਹੜੇ ਵੋਟਰ ਬੂਥਾਂ 'ਤੇ ਪੁੱਜ ਚੁੱਕੇ ਸਨ, ਉਨ੍ਹਾਂ ਵੋਟਾਂ ਪਾਉਣੀਆਂ ਸਨ। ਪਿਛਲੀ ਵਾਰ ਚੌਥੇ ਗੇੜ 'ਚ 69.12 ਫੀਸਦੀ ਪੋਲਿੰਗ ਹੋਈ ਸੀ।

ਪਹਿਲੇ ਗੇੜ 'ਚ 66.14, ਦੂਜੇ ਗੇੜ 'ਚ 66.71 ਤੇ ਤੀਜੇ ਗੇੜ 'ਚ 65.68 ਫੀਸਦੀ ਪੋਲਿੰਗ ਹੋਈ ਸੀ। ਪਹਿਲੇ ਤਿੰਨ ਗੇੜਾਂ ਦੌਰਾਨ 283 ਸੀਟਾਂ 'ਤੇ ਵੋਟਿੰਗ ਹੋ ਚੁੱਕੀ ਹੈ। ਇਸ ਗੇੜ 'ਚ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ, ਕੇਂਦਰੀ ਮੰਤਰੀ ਗਿਰੀਰਾਜ ਸਿੰਘ, ਅਜੈ ਮਿਸ਼ਰਾ ਟੈਣੀ, ਟੀ ਐੱਮ ਸੀ ਦੀ ਮਹੂਆ ਮੋਇਤਰਾ ਅਤੇ ਏ ਆਈ ਐੱਮ ਆਈ ਐੱਮ ਦੇ ਅਸਦ-ਉਦ-ਦੀਨ ਓਵੈਸੀ ਸਮੇਤ ਹੋਰ ਆਗੂਆਂ ਦੀ ਕਿਸਮਤ ਦਾ ਫੈਸਲਾ ਹੋ ਗਿਆ। ਲੋਕ ਸਭਾ ਚੋਣਾਂ ਦੇ ਇਸ ਪੜਾਅ 'ਚ 1,717 ਉਮੀਦਵਾਰ ਮੈਦਾਨ 'ਚ ਸਨ। ਤਿਲੰਗਾਨਾ ਦੀਆਂ ਸਾਰੀਆਂ 17 ਸੀਟਾਂ, ਆਂਧਰਾ ਪ੍ਰਦੇਸ਼ ਦੀਆਂ 25, ਉੱਤਰ ਪ੍ਰਦੇਸ਼ ਦੀਆਂ 13, ਬਿਹਾਰ ਦੀਆਂ 5, ਝਾਰਖੰਡ ਦੀਆਂ 4, ਮੱਧ ਪ੍ਰਦੇਸ਼ ਦੀਆਂ 8, ਮਹਾਰਾਸ਼ਟਰ ਦੀਆਂ 11, ਓਡੀਸ਼ਾ ਦੀਆਂ 4, ਪੱਛਮੀ ਬੰਗਾਲ ਦੀਆਂ 8 ਅਤੇ ਜੰਮੂ-ਕਸ਼ਮੀਰ ਦੀ ਇਕ ਸੀਟ 'ਤੇ ਵੋਟਾਂ ਪਈਆਂ। ਇੰਦੌਰ 'ਚ ਕਾਂਗਰਸ ਉਮੀਦਵਾਰ ਅਕਸ਼ੈ ਬਮ ਵੱਲੋਂ ਆਖਰੀ ਮਿੰਟਾਂ 'ਤੇ ਨਾਮਜ਼ਦਗੀ ਕਾਗਜ਼ ਵਾਪਸ ਲੈਣ ਤੇ ਭਾਜਪਾ 'ਚ ਸ਼ਾਮਲ ਹੋਣ ਕਾਰਨ ਉਥੇ ਮੁਕਾਬਲਾ ਭਾਜਪਾ ਦੇ ਸ਼ੰਕਰ ਲਾਲਵਾਨੀ ਦੇ ਪੱਖ 'ਚ ਇਕਪਾਸੜ ਹੋ ਗਿਆ ਸੀ। ਕਾਂਗਰਸ ਨੇ ਇੰਦੌਰ ਦੇ ਵੋਟਰਾਂ ਨੂੰ ਅਪੀਲ ਕੀਤੀ ਸੀ ਕਿ ਉਹ ਨੋਟਾ ਦਾ ਬਟਨ ਦਬਾਉਣ।

ਘੱਟ ਪੋਲਿੰਗ ਕਾਰਨ ਚਾਰ ਵਾਰ ਸਰਕਾਰਾਂ ਬਦਲ ਚੁੱਕੀਆਂ ਹਨ। 1980 ਵਿਚ ਘੱਟ ਪੋਲਿੰਗ ਕਾਰਨ ਜਨਤਾ ਪਾਰਟੀ ਦੀ ਸਰਕਾਰ ਜਾਂਦੀ ਲੱਗੀ ਸੀ ਤੇ ਕਾਂਗਰਸ ਦੀ ਵਾਪਸੀ ਹੋਈ ਸੀ। 1989 'ਚ ਪੋਲਿੰਗ ਘਟਣ ਕਰਕੇ ਕਾਂਗਰਸ ਦੀ ਸਰਕਾਰ ਚਲੇ ਗਈ ਸੀ ਤੇ ਵੀ ਪੀ ਸਿੰਘ ਦੀ ਅਗਵਾਈ 'ਚ ਸਰਕਾਰ ਬਣੀ ਸੀ। 1991 'ਚ ਵੋਟਿੰਗ ਘਟਣ ਨਾਲ ਕਾਂਗਰਸ ਦੀ ਵਾਪਸੀ ਹੋ ਗਈ ਸੀ। 1999 'ਚ ਪੋਲਿੰਗ ਘਟੀ, ਪਰ ਸੱਤਾ ਪਰਿਵਰਤਨ ਨਹੀਂ ਹੋਇਆ। 2004 ਵਿਚ ਪੋਲਿੰਗ ਘਟਣ ਨਾਲ ਐੱਨ ਡੀ ਏ ਦੀ ਸਰਕਾਰ ਬਣ ਗਈ।

ਵਿਧਾਇਕ ਨੇ ਵੋਟਰ ਦੇ ਥੱਪੜ ਮਾਰਿਆ

ਹੈਦਰਾਬਾਦ : ਆਂਧਰਾ ਪ੍ਰਦੇਸ਼ ਦੇ ਗੁੰਟੂਰ ਜ਼ਿਲ੍ਹੇ ਦੇ ਤੇਨਾਲੀ ਅਸੰਬਲੀ ਹਲਕੇ ਦੇ ਈਟਾਨਗਰ ਦੇ ਬੂਥ 'ਤੇ ਹੁਕਮਰਾਨ ਵਾਈ ਐੱਸ ਆਰ ਕਾਂਗਰਸ ਦੇ ਵਿਧਾਇਕ ਵੀ ਐੱਸ ਸ਼ਿਵਕੁਮਾਰ ਨੇ ਇਕ ਵੋਟਰ ਦੇ ਥੱਪੜ ਮਾਰ ਦਿੱਤਾ, ਜਦੋਂ ਉਸ ਨੇ ਵਿਧਾਇਕ ਦੇ ਲਾਈਨ ਉਲੰਘਣ 'ਤੇ ਇਤਰਾਜ਼ ਕੀਤਾ। ਵੋਟਰ ਨੇ ਵੀ ਵਿਧਾਇਕ 'ਤੇ ਜਵਾਬੀ ਵਾਰ ਕਰ ਦਿੱਤਾ।

ਭਾਜਪਾ ਦੇ ਕੌਮੀ ਬੁਲਾਰੇ ਸ਼ਹਿਜ਼ਾਦ ਪੂਨਾਵਾਲਾ ਵੱਲੋਂ ਸ਼ੇਅਰ ਕੀਤੀ ਗਈ ਵੀਡੀਓ ਵਿਚ ਵਿਧਾਇਕ ਦੇ ਹਮਾਇਤੀ ਵੀ ਵੋਟਰ ਨੂੰ ਕੁੱਟਦੇ ਨਜ਼ਰ ਆ ਰਹੇ ਹਨ। ਪੂਨਾਵਾਲਾ ਨੇ ਕਿਹਾ ਕਿ ਇਹ ਹਾਕਮਾਂ ਦੀ ਹੌਂਕੜ ਤੇ ਗੁੰਡਾਗਰਦੀ ਨੂੰ ਦਰਸਾਉਂਦਾ ਹੈ।

ਕਾਂਗਰਸ ਆਗੂ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਅੰਦਾਜ਼ਾ ਲਾ ਸਕਦੇ ਹੋ ਕਿ ਹਾਕਮ ਚੋਣ ਤੋਂ ਬਾਅਦ ਕੀ ਕਰਨਗੇ। ਵਕਤ ਹੈ ਕਿ ਲੋਕ ਅਜਿਹੇ ਆਗੂਆਂ ਤੇ ਉਨ੍ਹਾਂ ਦੀਆਂ ਪਾਰਟੀਆਂ ਨੂੰ ਬਾਹਰ ਦਾ ਰਾਹ ਦਿਖਾ ਦੇਣ। ਚੋਣ ਕਮਿਸ਼ਨ ਨੇ ਮਾਮਲੇ ਦੀ ਜਾਂਚ ਦੇ ਹੁਕਮ ਦੇ ਦਿੱਤੇ ਹਨ।

ਸ਼ਾਹ ਦੀ ਰੈਲੀ 'ਚ ਪੱਤਰਕਾਰ 'ਤੇ ਹਮਲਾ

ਨਵੀਂ ਦਿੱਲੀ : ਪ੍ਰੈੱਸ ਕਲੱਬ ਆਫ ਇੰਡੀਆ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਐਤਵਾਰ ਦੀ ਰਾਏ ਬਰੇਲੀ ਰੈਲੀ 'ਚ ਪੱਤਰਕਾਰ 'ਤੇ ਹਮਲੇ ਦੀ ਨਿੰਦਾ ਕੀਤੀ ਹੈ। ਰੈਲੀ ਦੌਰਾਨ 'ਮੌਲੀਟਿਕਸ' ਨਿਊਜ਼ ਪੋਰਟਲ ਲਈ ਕੰਮ ਕਰਦੇ ਪੱਤਰਕਾਰ ਰਾਘਵ ਤ੍ਰਿਵੇਦੀ ਨੂੰ ਕੁਝ ਭਾਜਪਾ ਆਗੂਆਂ ਨੇ ਕੁੱਟਿਆ। ਪ੍ਰੈੱਸ ਕਲੱਬ ਨੇ ਚੋਣ ਕਮਿਸ਼ਨ ਤੇ ਸਥਾਨਕ ਪ੍ਰਸ਼ਾਸਨ ਤੋਂ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਉਸ ਨੇ ਕਿਹਾ ਹੈ ਕਿ ਪੱਤਰਕਾਰਾਂ 'ਤੇ ਨਿੱਤ ਹਮਲੇ ਹੋ ਰਹੇ ਹਨ।

ਤ੍ਰਿਵੇਦੀ ਨੇ ਕਿਹਾ ਕਿ ਰੈਲੀ ਦੌਰਾਨ ਉਸ ਨੇ ਮਹਿਲਾਵਾਂ ਨਾਲ ਗੱਲ ਕੀਤੀ ਤਾਂ ਬਹੁਤੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਪਿੰਡ ਦਾ ਸਰਪੰਚ ਸੌ-ਸੌ ਰੁਪਏ ਦੇਣ ਦਾ ਲਾਰਾ ਲਾ ਕੇ ਰੈਲੀ ਵਿਚ ਲਿਆਇਆ। ਜਦੋਂ ਉਸ ਨੇ ਇਸ ਬਾਰੇ ਭਾਜਪਾ ਆਗੂਆਂ ਨਾਲ ਗੱਲ ਕੀਤੀ ਤਾਂ ਪਹਿਲਾਂ ਤਾਂ ਉਨ੍ਹਾਂ ਖੰਡਨ ਕੀਤਾ, ਪਰ ਜਦੋਂ ਉਸ ਨੇ ਮਹਿਲਾਵਾਂ ਦੀ ਗੱਲ ਦੱਸੀ ਤਾਂ ਇਕ ਗਰੁੱਪ ਉਸ ਨੂੰ ਪਾਸੇ ਲੈ ਗਿਆ ਤੇ ਵੀਡੀਓ ਡਿਲੀਟ ਕਰਨ ਲਈ ਕਿਹਾ। ਨਾਂਹ ਕਰਨ 'ਤੇ ਗਰੁੱਪ ਉਸ ਨੂੰ ਸਟੇਜ ਦੇ ਪਿੱਛੇ ਕਮਰੇ ਵਿਚ ਲੈ ਗਿਆ ਤੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਕਾਂਗਰਸ ਪਾਰਟੀ ਨੇ ਪੱਤਰਕਾਰ ਦੀ ਵੀਡੀਓ ਸ਼ੇਅਰ ਕਰਦਿਆਂ ਕਿਹਾ ਕਿ ਕੁੱਟਣ ਵਾਲਿਆਂ ਨੇ ਪੱਤਰਕਾਰ ਦੇ ਪੈਸੇ ਵੀ ਖੋਹ ਲਏ।

ਵੋਟਾਂ ਦੇ ਅੰਕੜਿਆਂ ਬਾਰੇ ਸੁਣਵਾਈ ਸ਼ੁੱਕਰਵਾਰ ਨੂੰ

ਨਵੀਂ ਦਿੱਲੀ : ਸੁਪਰੀਮ ਕੋਰਟ ਗੈਰ-ਸਰਕਾਰੀ ਸੰਗਠਨ ਵੱਲੋਂ ਦਾਇਰ ਉਸ ਪਟੀਸ਼ਨ 'ਤੇ 17 ਮਈ ਨੂੰ ਸੁਣਵਾਈ ਲਈ ਸਹਿਮਤ ਹੋ ਗਈ ਹੈ, ਜਿਸ ਵਿਚ ਚੋਣ ਕਮਿਸ਼ਨ ਨੂੰ ਲੋਕ ਸਭਾ ਚੋਣਾਂ ਦੇ ਹਰੇਕ ਪੜਾਅ ਦੀ ਵੋਟਿੰਗ ਖਤਮ ਹੋਣ ਤੋਂ 48 ਘੰਟਿਆਂ ਦੇ ਅੰਦਰ ਆਪਣੇ ਵੋਟ ਫੀਸਦੀ ਅੰਕੜੇ ਵੈੱਬਸਾਈਟ 'ਤੇ ਅਪਲੋਡ ਕਰਨ ਲਈ ਹਦਾਇਤਾਂ ਦੇਣ ਦੀ ਅਪੀਲ ਕੀਤੀ ਗਈ ਹੈ। ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਦੀਪਾਂਕਰ ਦੱਤਾ ਦੀ ਬੈਂਚ ਨੇ ਕਿਹਾ ਕਿ ਇਹ ਮਾਮਲਾ ਸ਼ੁੱਕਰਵਾਰ ਨੂੰ ਸੂਚੀਬੱਧ ਕੀਤਾ ਜਾਵੇਗਾ। ਇਸ ਤੋਂ ਪਹਿਲਾਂ 'ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼' ਵੱਲੋਂ ਪੇਸ਼ ਹੋਏ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਪਟੀਸ਼ਨ 'ਤੇ ਤੁਰੰਤ ਸੁਣਵਾਈ ਦੀ ਅਪੀਲ ਕੀਤੀ।

ਸੰਵਿਧਾਨ ਬਚੇਗਾ ਕਿ ਨਹੀਂ ਚੋਣਾਂ ਕਰਨਗੀਆਂ ਤੈਅ : ਨਿਲੋਤ ਪਾਲ ਬਾਸੂ

ਮੋਦੀ ਬਹੁਰੰਗੇ ਸੱਭਿਆਚਾਰ ਦਾ ਵੈਰੀ : ਬਰਾੜ • ਮੋਦੀ ਦੇ ਦਮਗਜ਼ਿਆਂ ਦਾ ਦਮ ਘੁੱਟ ਰਿਹੈ : ਸੇਖੋਂ

ਜਲੰਧਰ (ਗਿਆਨ ਸੈਦਪੁਰੀ)-'ਮੌਜੂਦਾ ਲੋਕ ਸਭਾ ਦੀਆਂ ਚੋਣਾਂ ਬੁਨਿਆਦੀ ਤੌਰ 'ਤੇ ਵੱਖਰੀ ਕਿਸਮ ਦੀਆਂ ਹਨ। ਦੇਸ਼ ਦਾ ਸੰਵਿਧਾਨ, ਜੋ ਭਾਸ਼ਾਈ, ਇਲਾਕਾਈ ਧਰਮਾਂ ਤੇ ਫਿਰਕਿਆਂ ਤੋਂ ਉੱਪਰ ਉੱਠ ਕੇ ਦੇਸ਼ ਨੂੰ 'ਏਕਤਾ' ਦੀ ਲੜੀ ਵਿੱਚ ਪਰੋਂਦਾ ਹੈ, ਇਹ ਚੋਣਾਂ ਤੈਅ ਕਰਨਗੀਆ ਕਿ ਬਚੇਗਾ ਜਾਂ ਖ਼ਤਮ ਹੋ ਜਾਵੇਗਾ।' ਉਕਤ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਪੋਲਿਟ ਬਿਊਰੋ ਮੈਂਬਰ ਕਾਮਰੇਡ ਨਿਲੋਤ ਪਾਲ ਬਾਸੂ ਨੇ ਕੀਤਾ। ਉਹ ਸੋਮਵਾਰ ਨੂੰ ਦੇਸ਼ ਭਗਤ ਯਾਦਗਾਰ ਵਿਖੇ ਸੀ ਪੀ ਆਈ ਅਤੇ ਸੀ ਪੀ ਆਈ (ਐੱਮ) ਦੇ ਇਕੱਤਰ ਹੋਏ ਸੈਂਕੜੇ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ। ਇਹ ਇਕੱਠ ਦੋਵਾਂ ਪਾਰਟੀਆਂ ਦੇ ਲੋਕ ਸਭਾ ਹਲਕਾ ਜਲੰਧਰ ਤੋਂ ਸਾਂਝੇ ਉਮੀਦਵਾਰ ਮਾਸਟਰ ਪ੍ਰਸ਼ੋਤਮ ਲਾਲ ਬਿਲਗਾ ਦੇ ਨਾਮਜ਼ਦਗੀ ਕਾਗ਼ਜ਼ ਦਾਖਲ ਕਰਨ ਮੌਕਾ ਕੀਤਾ ਗਿਆ। ਕਾਮਰੇਡ ਬਾਸੂ ਨੇ ਕਿਹਾ ਕਿ ਦੇਸ਼ ਦੇ ਵਿਕਾਸ ਲਈ ਲੋਕਾਂ ਦੀ ਏਕਤਾ ਜਾਮਨ ਹੁੰਦੀ ਹੈ। ਦੇਸ਼ ਦਾ ਪ੍ਰਧਾਨ ਮੰਤਰੀ ਉਸ ਏਕਤਾ ਨੂੰ ਹੀ ਖ਼ਤਮ ਕਰਨ 'ਤੇ ਤੁਲਿਆ ਹੋਇਆ ਹੈ। ਦੇਸ਼ ਦੇ ਆਜ਼ਾਦੀ ਅੰਦੋਲਨ ਵੇਲੇ ਆਵਾਮ ਦੀ ਉਭਰ ਕੇ ਆਈ ਸਾਂਝ ਦੀ ਗੱਲ ਕਰਦਿਆਂ ਕਮਿਊਨਿਸਟ ਆਗੂ ਨੇ ਕਿਹਾ ਕਿ ਇੱਕੋ-ਇੱਕ ਆਰ ਐੱਸ ਐੱਸ ਅਜਿਹੀ ਧਿਰ ਸੀ, ਜੋ ਅੰਗਰੇਜ਼ਾਂ ਦੇ ਵਿਰੁੱਧ ਕੀਤੇ ਗਏ ਅੰਦੋਲਨ ਵਿੱਚ ਸ਼ਾਮਲ ਨਹੀਂ ਸੀ, ਸਗੋਂ ਉਨ੍ਹਾਂ ਦੀ ਭਗਤ ਸੀ। 2014 ਦੀ ਲੋਕ ਸਭਾ ਦੀ ਚੋਣ ਦੇ ਸੰਦਰਭ ਵਿੱਚ ਗੱਲ ਕਰਦਿਆਂ ਕਾਮਰੇਡ ਬਾਸੂ ਨੇ ਕਿਹਾ—ਓਦੋਂ ਮੋਦੀ ਕਾਰਪੋਰੇਟਾਂ ਦਾ ਏਨਾ ਹੇਜਲਾ ਸੀ ਕਿ ਉਨ੍ਹਾਂ ਦਾ ਨਾਅਰਾ ਭਾਜਪਾ ਨੂੰ ਜਿਤਾਉਣ ਦਾ ਨਹੀਂ, ਸਗੋਂ ਮੋਦੀ ਨੂੰ ਪ੍ਰਧਾਨ ਮੰਤਰੀ ਬਣਾਉਣ ਦਾ ਸੀ। ਅੱਜ ਮੋਦੀ ਦੀ ਪਤਲੀ ਸਿਆਸੀ ਹਾਲਤ ਵੇਖ ਕੇ ਕਾਰਪੋਰੇਟ ਘਰਾਣੇ ਵੀ ਉਸ ਤੋਂ ਮੁੱਖ ਮੋੜ ਗਏ ਨਜ਼ਰ ਆਉਂਦੇ ਹਨ। ਪੰਜਾਬ ਦੀ ਚੋਣ ਤਸਵੀਰ ਦੀ ਗੱਲ ਕਰਦਿਆਂ ਉਨ੍ਹਾ ਕਿਹਾ ਕਿ ਪੰਜਾਬ ਤੋਂ ਭਾਜਪਾ ਦੀਆਂ ਦੋ ਸੀਟਾਂ ਸਨ, ਇਸ ਵਾਰ ਉਹ ਵੀ ਨਹੀਂ ਰਹਿਣੀਆਂ।

ਭਾਰਤੀ ਕਮਿਊਨਿਸਟ ਪਾਰਟੀ ਦੀ ਪੰਜਾਬ ਇਕਾਈ ਦੇ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਨੇ ਸਾਂਝੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਦੋਂ ਦੇਸ਼ ਦਾ ਹੁਣ ਵਾਲਾ ਇਤਹਾਸ ਲਿਖਿਆ ਜਾਵੇਗਾ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਾਅਸਭ ਤੋਂ ਝੂਠੇ ਤੇ ਭ੍ਰਿਸ਼ਟਾਚਾਰੀ ਵਜੋਂ ਸ਼ਾਮਲ ਹੋਵੇਗਾ। ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਸੰਵਿਧਾਨ ਦਾ, ਸੰਵਿਧਾਨਕ ਸੰਸਥਾਵਾਂ ਦਾ, ਮੁਸਲਮਾਨਾਂ, ਦੇਸ਼ ਦੇ ਬਹੁਰੰਗੇ ਸੱਭਿਆਚਾਰ ਦਾ ਹੀ ਵੈਰੀ ਨਹੀਂ, ਸਗੋਂ ਇਹ ਹਿੰਦੂਆਂ ਦਾ ਵੀ ਦੁਸ਼ਮਣ ਹੈ। ਕਾਮਰੇਡ ਬਰਾੜ ਨੇ ਸਵਾਲ ਕੀਤਾ ਕਿ ਦੇਸ਼ ਦੇ ਲੱਖਾਂ ਕਿਸਾਨ, ਜਿਨ੍ਹਾਂ ਨੂੰ ਦਿੱਲੀ ਦੀਆਂ ਬਰੂਹਾਂ 'ਤੇ ਰੋਲਿਆ ਗਿਆ ਕੀ ਉਨ੍ਹਾਂ ਵਿੱਚ ਹਿੰਦੂ ਨਹੀਂ ਸਨ? ਮੋਦੀ ਦੇ ਵੱਖ-ਵੱਖ ਬਿਆਨਾਂ ਦਾ ਜ਼ਿਕਰ ਕਰਦਿਆਂ ਕਾਮਰੇਡ ਬਰਾੜ ਨੇ ਕਿਹਾ ਕਿ ਹਾਰ ਸਾਹਮਣੇ ਦੇਖ ਕੇ ਉਹ ਪੂਰੀ ਤਰ੍ਹਾਂ ਬੁਖਲਾਹਟ ਵਿੱਚ ਹਨ। ਕਮਿਊਨਿਸਟ ਆਗੂ ਨੇ ਕਿਹਾ ਕਿ ਪੰਜਾਬ ਦੇ ਲੋਕ ਗੁਰੂ ਗੋਬਿੰਦ ਸਿੰਘ ਅਤੇ ਸ਼ਹੀਦੇ-ਏ-ਆਜ਼ਮ ਭਗਤ ਸਿੰਘ ਦੇ ਵਿਰਸੇ ਦੇ ਵਾਰਿਸ ਹਨ। ਇਨ੍ਹਾਂ ਚੋਣਾਂ ਵਿੱਚ ਅਸੀਂ ਇਸ ਵਿਚਾਰਧਾਰਾ ਨੂੰ ਲੈ ਕੇ ਲੋਕਾਂ ਵਿੱਚ ਜਾਣਾ ਹੈ। ਭਗਤ-ਸਰਾਭਿਆਂ ਦੇ ਸੁਪਨਿਆਂ ਦਾ ਭਾਰਤ ਸਿਰਜਣ ਲਈ ਅਸੀਂ ਪੰਜਾਬ ਵਿੱਚ ਸ਼ਿੱਦਤ ਨਾਲ ਲੜਾਈ ਲੜਾਂਗੇ। ਦੋਵਾਂ ਪਾਰਟੀਆਂ ਦੇ ਸਾਂਝੇ ਉਮੀਦਵਾਰ ਮਾਸਟਰ ਪ੍ਰਸ਼ੋਤਮ ਲਾਲ ਨੂੰ ਕਾਮਯਾਬ ਕਰਨ ਦਾ ਹੋਕਾ ਦਿੰਦਿਆਂ ਕਾਮਰੇਡ ਬਰਾੜ ਨੇ ਕਿਹਾ ਕਿ ਉਹ ਲੋਕ ਅੰਦੋਲਨਾਂ ਵਿੱਚ ਪਰਖਿਆ ਹੋਇਆ ਕਮਿਊਨਿਸਟ ਹੈ।

ਸੀ ਪੀ ਆਈ (ਐੱਮ) ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਹ ਚੋਣਾਂ ਜਿੱਥੇ ਕਿਰਤੀ ਵਰਗ ਦਾ ਟੈਸਟ ਹਨ, ਉੱਥੇ ਇਹ ਦੇਸ਼ ਦਾ ਭਵਿੱਖ ਵੀ ਤੈਅ ਕਰਨਗੀਆਂ। ਉਨ੍ਹਾ ਕਿਹਾ ਕਿ ਮੋਦੀ ਨੇ 400 ਤੋਂ ਪਾਰ ਜਾਣ ਦੇ ਬੜੇ ਦਮਗਜ਼ੇ ਮਾਰੇ, ਪਰ ਜਿਉਂ-ਜਿਉਂ ਚੋਣਾਂ ਅੱਗੇ ਵਧ ਰਹੀਆਂ ਹਨ, ਦਮਗਜ਼ਿਆਂ ਦਾ ਦਮ ਘੁੱਟਦਾ ਜਾ ਰਿਹਾ ਹੈ। ਕਾਮਰੇਡ ਸੇਖੋਂ ਨੇ ਯੂ ਪੀ ਏ ਦੀ ਸਰਕਾਰ ਵੇਲੇ ਕਮਿਊਨਿਸਟਾਂ ਵੱਲੋਂ ਬਣਵਾਏ ਗਏ ਲੋਕ ਹਿੱਤੂ ਕਨੂੰਨਾਂ ਦਾ ਵਿਸਥਾਰ ਨਾਲ ਜ਼ਿਕਰ ਕੀਤਾ। ਚੋਣ ਬਾਂਡਾਂ ਵਿੱਚ ਭਾਜਪਾ ਵੱਲੋਂ ਵੱਡੀ ਪੱਧਰ 'ਤੇ ਵਸੂਲੇ ਗਏ ਪੈਸਿਆਂ ਦੀ ਗੱਲ ਕਰਦਿਆਂ ਕਮਿਊਨਿਸਟ ਆਗੂ ਨੇ ਕਿਹਾ ਕਿ ਕਮਿਊਨਿਸਟ ਧਿਰਾਂ ਹੀ ਸਨ, ਜਿਨ੍ਹਾਂ ਨੇ ਕਾਰਪੋਰੇਟਾਂ ਕੋਲੋਂ ਕੋਈ ਪੈਸਾ ਨਹੀਂ ਲਿਆ। ਉਨ੍ਹਾ ਕਿਹਾ ਕਿ ਮੋਦੀ ਫਿਰਕੂ

● ਬਾਕੀ ਸਫ਼ਾ 2 'ਤੇ

ਜੈਪੁਰ ਦੇ ਸਕੂਲਾਂ ਨੂੰ ਉਡਾਉਣ ਦੀ ਧਮਕੀ

ਜੈਪੁਰ : ਰਾਜਸਥਾਨ ਦੀ ਰਾਜਧਾਨੀ ਜੈਪੁਰ ਦੇ 56 ਸਕੂਲਾਂ ਨੂੰ ਸੋਮਵਾਰ ਈਮੇਲ ਰਾਹੀਂ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ। ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਨੂੰ ਬਾਹਰ ਕੱਢ ਲਿਆ ਗਿਆ। ਬੰਬ ਠੁੱਸ ਕਰਨ ਵਾਲੇ ਦਸਤੇ ਤੇ ਸੂਹੀਆ ਕੁੱਤਿਆਂ ਦੇ ਨਾਲ ਪੁਲਸ ਟੀਮਾਂ ਨੇ ਸਕੂਲਾਂ ਦੀ ਜਾਂਚ ਕੀਤੀ, ਪਰ ਲੱਭਿਆ ਕੁਝ ਨਹੀਂ। ਪੁਲਸ ਕਮਿਸ਼ਨਰ ਬੀਜੂ ਜਾਰਜ ਜੋਸਫ ਨੇ ਕਿਹਾ ਕਿ ਮੁਲਜ਼ਮ ਦੀ ਪਛਾਣ ਕੀਤੀ ਜਾ ਰਹੀ ਹੈ।

ਗੋਚਰ ਤੋਂ ਗੁਰਦੁਆਰਾ ਗੋਬਿੰਦ ਘਾਟ ਤੱਕ ਹੈਲੀਕਾਪਟਰ ਸੇਵਾ

ਅੰਮ੍ਰਿਤਸਰ : 25 ਮਈ ਤੋਂ ਆਰੰਭ ਹੋ ਰਹੀ ਗੁਰਦੁਆਰਾ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਲਈ ਉੱਤਰਾਖੰਡ ਦੇ ਗੋਚਰ ਤੋਂ ਗੁਰਦੁਆਰਾ ਗੋਬਿੰਦ ਘਾਟ ਤੱਕ ਨਵੀਂ ਹੈਲੀਕਾਪਟਰ ਸੇਵਾ ਸ਼ੁਰੂ ਹੋ ਰਹੀ ਹੈ। ਇਸ ਤੋਂ ਇਲਾਵਾ ਅੰਮ੍ਰਿਤਸਰ ਤੋਂ ਦੇਹਰਾਦੂਨ ਲਈ ਵੀ ਹਵਾਈ ਸੇਵਾ ਚੱਲ ਰਹੀ ਹੈ। ਇਸ ਤੋਂ ਪਹਿਲਾਂ ਹਰ ਸਾਲ ਗੁਰਦ

14-MAY-PAGE-1.qxd 5/13/2024 10:35 PM Page 2

ਨੇਕੀ ਫਾਊਂਡੇਸ਼ਨ ਨੇ ਲਾਇਆ ਅੱਖਾਂ ਦਾ ਮੁਫ਼ਤ ਅਪ੍ਰੇਸ਼ਨ ਕੈਂਪ

ਬੁਢਲਾਡਾ (ਅਸ਼ੋਕ ਲਾਕੜਾ)-ਨੇਕੀ ਫਾਊਂਡੇਸ਼ਨ ਵੱਲੋਂ ਡਾ. ਕ੍ਰਿਸ਼ਨ ਚੰਦ ਗਰਗ ਮੈਮੋਰੀਅਲ ਨੇਕੀ ਆਸ਼ਰਮ ਵਿੱਚ ਜ਼ਿਲ੍ਹਾ ਸਿਹਤ ਵਿਭਾਗ ਦੀ ਨਿਗਰਾਨੀ ਹੇਠ ਅੱਖਾਂ ਦਾ ਮੁਫ਼ਤ ਚੈੱਕਅਪ ਤੇ ਅਪ੍ਰੇਸ਼ਨ ਕੈਂਪ ਲਾਇਆ ਗਿਆ, ਜਿੱਥੇ ਆਤਮਾ ਰਾਮ ਅੱਖਾਂ ਦਾ ਹਸਪਤਾਲ ਭੀਖੀ ਤੋਂ ਮਾਹਿਰ ਡਾ. ਅਨਿਲ ਗਰਗ ਦੀ ਟੀਮ ਨੇ 200 ਤੋਂ ਵੱਧ ਮਰੀਜ਼ਾਂ ਦਾ ਚੈੱਕਅਪ ਕੀਤਾ। ਹਸਪਤਾਲ ਵੱਲੋਂ ਸਾਰੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਕੈਂਪ ਵਿੱਚ 38 ਲੋੜਵੰਦ ਮਰੀਜ਼ਾਂ ਦੀ ਚੋਣ ਚਿੱਟੇ ਮੋਤੀਏ ਦੇ ਮੁਫ਼ਤ ਅਪ੍ਰੇਸ਼ਨ ਲਈ ਕੀਤੀ ਗਈ, ਜਿਨ੍ਹਾਂ ਦਾ ਅਪ੍ਰੇਸ਼ਨ ਆਤਮਾ ਰਾਮ ਹਸਪਤਾਲ ਭੀਖੀ ਵਿਖੇ ਕੀਤਾ ਜਾਵੇਗਾ। ਇਸ ਮੌਕੇ ਡਾ. ਅਨਿਲ ਗਰਗ ਨੇ ਮਰੀਜ਼ਾਂ ਨੂੰ ਸੰਬੋਧਨ ਕਰਦਿਆਂ ਅੱਖਾਂ ਦੇ ਰੋਗਾਂ ਤੋਂ ਬਚਾਅ ਅਤੇ ਸੁਰੱਖਿਆ ਬਾਰੇ ਜਾਣਕਾਰੀ ਦਿੱਤੀ। ਨੇਕੀ ਫਾਊਂਡੇਸ਼ਨ ਟੀਮ ਵੱਲੋਂ ਡਾਕਟਰੀ ਟੀਮ ਸਮੇਤ ਸ਼ਹਿਰ ਦੀਆਂ ਉੱਚ ਹਸਤੀਆਂ ਨੂੰ ਸਨਮਾਨਤ ਕੀਤਾ ਗਿਆ।

ਸ਼ੰਕਰ ਟ੍ਰੇਡਰਜ਼ ਨੇ ਲਾਇਆ ਮੁਫ਼ਤ ਹੈੱਲਥ ਚੈੱਕਅਪ ਕੈਂਪ

ਨਾਭਾ (ਵਰਿੰਦਰ ਵਰਮਾ)-ਸ਼ੰਕਰ ਟ੍ਰੇਡਰਜ ਸਰਕੂਲਰ ਰੋਡ ਵਿਖੇ ਏ.ਸੀ.ਸੀ. ਸੀਮੇਂਟ ਤੇ ਜਯੋਤੀ ਕੰਪਨੀ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਠੇਕੇਦਾਰ, ਮਿਸਤਰੀ ਭਰਾਵਾਂ ਦੇ ਪਰਵਾਰਕ ਮੈਂਬਰਾਂ ਅਤੇ ਆਮ ਜਨਤਾ ਲਈ ਪਾਰਕ ਹਸਪਤਾਲ ਪਟਿਆਲਾ ਵੱਲੋਂ ਮੁਫ਼ਤ ਹੈਲਥ ਚੈੱਕਅਪ ਕੈਂਪ ਲਾਇਆ ਗਿਆ। ਕੈਂਪ ਵਿੱਚ ਪਾਰਕ ਹਸਪਤਾਲ ਪਟਿਆਲਾ ਤੋਂ ਡਾਕਟਰ ਡਾ. ਕਮਲਦੀਪ ਸਿੰਘ ਸੋਢੀ ਐਮ.ਡੀ. (ਛਾਤੀ ਰੋਗਾਂ ਦੇ ਮਾਹਿਰ), ਡਾ. ਤਰਨਦੀਪ ਕੌਰ ਐਮ.ਡੀ. (ਦਵਾਈਆਂ ਦੇ ਮਾਹਿਰ), ਡਾ. ਪ੍ਰਵੀਨ ਪੁਰੀ ਐਮ.ਐਸ (ਹੱਡੀਆਂ ਦੇ ਮਾਹਿਰ), ਡਾ. ਸਤਿੰਦਰ ਸਿੰਘ (ਫਿਜ਼ੀਓਥਰੈਪੀ ਦੇ ਮਾਹਿਰ) ਆਦਿ ਵੱਲੋਂ 260 ਦੇ ਕਰੀਬ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ। ਇਸ ਮੌਕੇ ਮਲਕੀਤ ਗਰੁੱਪ ਐਮ ਡੀ ਚਰਨ ਸਿੰਘ, ਈ.ਆਰ. ਨਵਿੰਦਰ ਤੋਮਰ ਆਰਟੀਐਸਐਚ ਏਸੀਸੀ ਸੀਮੇਂਟ, ਈ.ਆਰ. ਮਨੀਸ ਕਟੇਚ ਏਸੀਸੀ ਸੀਮੇਂਟ, ਛੱਜੂ ਸਿੰਘ ਪ੍ਰਧਾਨ ਬਿਲਡਿੰਗ ਲੇਬਰ ਯੂਨੀਅਨ ਨੇ ਕਿਹਾ ਕਿ ਲੋੜਵੰਦ ਇਨਸਾਨ ਦੀ ਮਦਦ ਲਈ ਹਰ ਇਨਸਾਨ ਨੂੰ ਅੱਗੇ ਆਉਣਾ ਚਾਹੀਦਾ ਹੈ ਤਾਂ ਜੁ ਕਿਸੇ ਜ਼ਰੂਰਤਮੰਦ ਇਨਸਾਨ ਦੀ ਮਦਦ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਸਾਨੂੰ ਅਜਿਹੇ ਕੈਂਪ ਲਾ ਕੇ ਅਜਿਹੇ ਸਮਾਜ ਭਲਾਈ ਦੇ ਉਪਰਾਲੇ ਜ਼ਰੂਰ ਕਰਨੇ ਚਾਹੀਦੇ ਹਨ। ਇਸ ਮੌਕੇ ਜੇਪੀ ਗੁਪਤਾ ਐਮਡੀ ਤੇ ਅਨਿਲ ਗੁਪਤਾ ਡਾਇਰੈਕਟਰ ਵੱਲੋਂ ਮੁੱਖ ਮਹਿਮਾਨ ਤੇ ਆਈਆਂ ਹੋਈਆਂ ਸ਼ਖ਼ਸੀਅਤਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

ਡੀ ਏ ਵੀ ਸੈਨਟਰੀ ਪਬਲਿਕ ਸਕੂਲ 'ਚ ਇੰਟਰ ਹਾਊਸ ਕ੍ਰਿਕਟ ਮੁਕਾਬਲੇ ਕਰਾਏ

ਜਗਰਾਉਂ (ਸੰਜੀਵ ਅਰੋੜਾ)-ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ ਦੇ ਪ੍ਰਿੰਸੀਪਲ ਵੇਦ ਵ੍ਰਤ ਪਲਾਹ ਨੇ ਦੱਸਿਆ ਕਿ ਸਕੂਲ ਵਿੱਚ ਵੱਖ-ਵੱਖ ਚਾਰ ਹਾਊਸ ਸਵਾਮੀ ਦਯਾਨੰਦ ਜੀ, ਸੁਆਮੀ ਹੰਸਰਾਜ ਜੀ, ਸੁਆਮੀ ਸ਼ਰਧਾਨੰਦ ਜੀ ਤੇ ਸੁਆਮੀ ਵਿਵੇਕਾਨੰਦ ਜੀ ਹਾਊਸ ਚੱਲ ਰਹੇ ਹਨ। ਇਨ੍ਹਾਂ ਹਾਊਸਾਂ ਦੇ ਵਿਦਿਆਰਥੀਆਂ ਦੀਆਂ ਵੱਖ-ਵੱਖ ਗਤੀਵਿਧੀਆਂ ਅਤੇ ਮੁਕਾਬਲੇ ਕਰਾਏ ਜਾਂਦੇ ਹਨ। ਇਨ੍ਹਾਂ ਮੁਕਾਬਲਿਆਂ ਦੇ ਤਹਿਤ ਹੀ ਸਕੂਲ ਵਿੱਚ ਚਾਰੋਂ ਹਾਊਸ ਦੇ ਵਿਦਿਆਰਥੀਆਂ ਦੇ ਕ੍ਰਿਕਟ ਮੈਚ ਕਰਾਏ ਗਏ, ਜਿਸ ਵਿੱਚ ਸਵਾਮੀ ਦਯਾਨੰਦ ਹਾਊਸ ਅੰਡਰ-17 ਦੇ ਵਿਦਿਆਰਥੀ ਚੰਗਾ ਪ੍ਰਦਰਸ਼ਨ ਕਰਦੇ ਹੋਏ ਪਹਿਲੇ ਨੰਬਰ 'ਤੇ ਆਏ। ਇਸ ਟੀਮ ਵਿੱਚ ਮੰਨਤ ਚੋਪੜਾ, ਮਾਨਯੂ, ਰੁਸੀਲ ਗਰਗ, ਪਾਰਥ, ਪ੍ਰਭ ਰੂਪ ਸਿੰਘ, ਸੋ ਗੋਇਲ, ਆਦਿਤ, ਮਨਨ ਬੱਬਰ, ਦਿਵਿਆਸ਼ ਜੋਸ਼ੀ, ਚਿਰਨਜੀਵ, ਸ਼ਿਵਮ, ਯੋਜਿਤ ਤੇ ਅੰਡਰ-19 ਟੀਮ ਵਿੱਚ ਰਿਤੇਸ਼, ਉਪਿੰਦਰ, ਸਤਨਾਮ, ਗੁਰਕੀਰਤ, ਪਾਰਥ, ਸ਼ਿਵਮ ਹਰਕਰਨ, ਕ੍ਰਿਸ਼ਨਾ, ਜੈਵੀਰ, ਹਰਸ਼ ਗਰੇਵਰ, ਮਨਜੋਤ ਸਿੰਘ, ਲੋਕੇਸ਼ ਤੇ ਨਮਨ ਘਈ ਨੇ ਭਾਗ ਲੈ ਕੇ ਬਹੁਤ ਵਧੀਆ ਪ੍ਰਦਰਸ਼ਨ ਕੀਤਾ। ਜੇਤੂ ਰਹੇ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਵੇਤ ਵ੍ਰਤ ਪਲਾਹਾ ਵੱਲੋਂ ਵਧਾਈ ਦਿੱਤੀ ਗਈ ਤੇ ਵਿਦਿਆਰਥੀਆਂ ਨੂੰ ਪ੍ਰਾਰਥਨਾ ਸਭਾ ਵਿੱਚ ਸਟੇਜ 'ਤੇ ਬੁਲਾ ਕੇ ਸਨਮਾਨਤ ਵੀ ਕੀਤਾ ਗਿਆ ਅਤੇ ਨਾਲ ਹੀ ਹੋਰ ਵਿਦਿਆਰਥੀਆਂ ਨੂੰ ਵੀ ਇਸ ਤਰ੍ਹਾਂ ਅੱਗੇ ਆਉਣ ਤੇ ਆਪਣੀ ਸ਼ਖ਼ਸੀਅਤ ਨੂੰ ਨਿਖਾਰਨ ਲਈ ਪ੍ਰੇਰਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਤੇ ਸਮੂਹ ਸਟਾਫ਼ ਹਾਜ਼ਰ ਸਨ।

ਹਰ ਸਫ਼ਲ ਇਨਸਾਨ ਪਿੱਛੇ ਮਾਂ ਦਾ ਅਹਿਮ ਰੋਲ : ਮੀਨਾ ਅਰੋੜਾ

ਮਲੋਟ (ਗੁਰਮੀਤ ਸਿੰਘ ਮੱਕੜ)-ਸਥਾਨਕ ਲਵਿੰਗ ਲਿਟਲ ਪਲੇਵੇ ਐਂਡ ਪ੍ਰੈਪਰੇਟਰੀ ਸਕੂਲ ਵਿਖੇ ਮਾਂ ਦਿਵਸ 'ਤੇ ਇੱਕ ਵਿਸ਼ੇਸ਼ ਸਮਾਗਮ ਕੀਤਾ ਗਿਆ, ਜਿਸ ਵਿੱਚ ਨੰਨ੍ਹੇ ਮੁੰਨੇ ਬੱਚਿਆਂ ਦੇ ਕਾਰਡ ਮੁਕਬਲੇ ਕਰਵਾਏ ਤੇ ਬੱਚਿਆਂ ਦੀ ਹੈੱਡ ਤੇ ਥੰਮ ਪੇਂਟਿਗ ਐਕਟੀਵਿਟੀ ਕਰਵਾਈ ਗਈ। ਸਕੂਲ ਦੀ ਪ੍ਰਿੰਸੀਪਲ ਮੀਨਾ ਅਰੋੜਾ ਨੇ ਬੱਚਿਆਂ ਨੂੰ ਮਾਂ ਦਿਵਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਿਨ੍ਹਾਂ ਬੱਚਿਆਂ ਦੇ ਸਿਰ ਤੋਂ ਮਾਂ ਦਾ ਸਾਇਆ ਉੱਠ ਜਾਂਦਾ ਹੈ, ਉਹ ਮੋਹ ਤੇ ਮਮਤਾ ਤੋਂ ਵਾਂਝੇ ਰਹਿ ਜਾਂਦੇ ਹਨ। ਉਨ੍ਹਾਂ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਮਾਂ ਦੀ ਮਹੱਤਤਾ, ਮਾਂ ਬੱਚੇ ਦੇ ਰਿਸ਼ਤੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਮਾਂ ਸ਼ਬਦ ਸਾਨੂੰ ਪਿਆਰ, ਮੁਹੱਬਤ, ਮਮਤਾ ਤੇ ਸਹਿਣਸ਼ੀਲਤਾ ਦਾ ਸੁਨੇਹਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਮਾਂ ਦਾ ਨਾਂ ਜ਼ੁਬਾਨ 'ਤੇ ਆਉਂਦਿਆਂ ਹੀ ਇੱਕ ਵੱਖਰਾ ਜਿਹਾ ਅਹਿਸਾਸ ਹੋਣ ਲੱਗਦਾ ਹੈ, ਜਿਸ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਔਖਾ ਹੈ। ਉਨ੍ਹਾਂ ਕਿਹਾ ਹਰ ਸਫ਼ਲ ਇਨਸਾਨ ਪਿੱਛੇ ਮਾਂ ਦਾ ਅਹਿਮ ਰੋਲ ਹੁੰਦਾ ਹੈ। ਉਨ੍ਹਾਂ ਮਾਂ ਸ਼ਬਦ ਦੀ ਉਦਾਹਰਨ ਦਿੰਦਿਆਂ ਕਿਹਾ ਕਿ ਇਬਰਾਹਿਮ ਲਿੰਕਨ ਨੇ ਕਿਹਾ ਸੀ ਕਿ ਮੈਂ 'ਜੋ ਕੁੱਝ ਵੀ ਜਾਂ ਹੋਣ ਦੀ ਆਸ ਰੱਖਦਾ ਹਾਂ' ਆਪਣੀ ਫ਼ਰਿਸ਼ਤਿਆਂ ਵਰਗੀ ਮਾਂ ਸਦਕਾ ਹੀ ਹਾਂ। ਬੱਚਿਆਂ ਵੱਲੋਂ ਮਾਂ ਨਾਲ ਸੰਬੰਧਤ ਗੀਤ 'ਮਾਂ ਹੁੰਦੀ ਏ ਮਾਂ, ਉਹ ਦੁਨਿਆ ਵਾਲਿਓ','ਮਾਵਾਂ ਮਾਂਵਾਂ', 'ਮਾਂ ਜਨਤ ਦਾ ਪਰਛਾਵਾਂ', 'ਲੱਖ ਹੋਵਨ ਚਾਚੀਆਂ ਤਾਈਆਂ', 'ਮਾਵਾਂ ਮਾਵਾਂ ਹੁੰਦੀਆਂ ਨੇ' ਆਦਿ ਗਾਏ ਗਏ। ਇਸ ਮੌਕੇ ਮੈਡਮ ਅਨੂੰ, ਪਿੰਕੀ, ਨਿਸ਼ਾ ਆਦਿ ਹਾਜ਼ਰ ਸਨ।

ਮਾਂ ਹੀ ਪ੍ਰਮਾਤਮਾ ਦਾ ਦੂਜਾ ਰੂਪ ਹੁੰਦੀ : ਪ੍ਰਿੰ. ਭੁਪਿੰਦਰ ਸ਼ਰਮਾ

ਮਾਲੇਰਕੋਟਲਾ (ਅਸਗਰ ਪਰਿਹਾਰ)-ਡੀ.ਏ.ਵੀ ਪਬਲਿਕ ਸਕੂਲ 'ਚ ਮਾਂ ਦਿਵਸ ਪ੍ਰਿੰਸੀਪਲ ਸ਼੍ਰੀ ਭੁਪਿੰਦਰ ਸ਼ਰਮਾ ਦੀ ਯੋਗ ਅਗਵਾਈ ਹੇਠ ਧੂਮ ਧਾਮ ਨਾਲ ਮਨਾਇਆ ਗਿਆ। ਸਕੂਲ ਨੂੰ ਬਹੁਤ ਵਧੀਆ ਢੰਗ ਨਾਲ ਸਜਾਇਆ ਗਿਆ। ਉਕਤ ਸਮਾਗਮ 'ਚ ਨਰਸਰੀ ਪਲੇ ਵੇਅ ਤੇ ਦੂਜੀ ਜਮਾਤ ਤੱਕ ਦੇ ਵਿਦਿਆਰਥੀਆਂ ਤੇ ਉਨ੍ਹਾਂ ਦੀਆਂ ਮਾਤਾਵਾਂ ਨੇ ਹਿੱਸਾ ਲਿਆ। ਸਾਰੇ ਬੱਚੇ ਤੇ ਉਨ੍ਹਾਂ ਦੀਆਂ ਮਾਤਾਵਾਂ ਨੇ ਵੱਖ-ਵੱਖ ਖੇਡਾਂ 'ਚ ਹਿੱਸਾ ਲਿਆ। ਸਕੂਲ ਦੇ ਪ੍ਰਿੰਸੀਪਲ ਸ਼੍ਰੀ ਭੁਪਿੰਦਰ ਸ਼ਰਮਾ ਨੇ 'ਮਾਂ' ਉੱਪਰ ਇੱਕ ਬਹੁਤ ਪਿਆਰੀ ਕਵਿਤਾ ਸੁਣਾਈ। ਸਕੂਲ ਦੀ ਅਧਿਆਪਕਾ ਸੁਸ਼ਮਾ ਸੋਰੀ ਨੇ ਵੀ 'ਮਾਂ' ਉੱਪਰ ਅਪਣੇ ਵਿਚਾਰ ਪ੍ਰਗਟ ਕੀਤੇ। ਸੰਗੀਤ ਦੀ ਅਧਿਆਪਕਾ ਮੈਡਮ ਰਜ਼ੀਆ ਨੇ ਬਹੁਤ ਹੀ ਵਧੀਆ ਗੀਤ ਸੁਣਾਇਆ। ਨਰਸਰੀ ਵਿੰਗ ਦੇ ਹੈੱਡ ਮੈਡਮ ਸੰਕੁਤਲਾ ਰਾਣੀ, ਮੈਡਮ ਬੇਅੰਤ ਕੌਰ, ਤਰੁਣਾ, ਸੋਨੀਆ ਤੇ ਮਨਪ੍ਰੀਤ ਨੇ ਬਹੁਤ ਸਾਰੀਆਂ ਕਿਰਿਆਵਾਂ ਕਰਵਾ ਕੇ ਸਾਰਿਆਂ ਦਾ ਮਨੋਰੰਜਨ ਕੀਤਾ। ਕਿਰਿਆਵਾਂ ਵਿੱਚੋਂ ਫ਼ਸਟ ਪੁਜ਼ੀਸ਼ਨ ਪ੍ਰਾਪਤ ਕਰਨ ਵਾਲਿਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਭੁਪਿੰਦਰ ਸ਼ਰਮਾ ਨੇ ਬੱਚਿਆਂ ਨੂੰ ਸਮਝਾਇਆ ਕਿ ਮਾਂ ਦੀ ਜ਼ਿੰਦਗੀ ਵਿੱਚ ਬਹੁਤ ਮਹੱਤਵਪੂਰਨ ਥਾਂ ਹੁੰਦੀ ਹੈ ਸਾਨੂੰ ਕਦੇ ਵੀ ਮਾਂ ਨੂੰ ਦੁੱਖ ਨਹੀਂ ਦੇਣਾ ਚਾਹੀਦਾ, ਕਿਉਂਕਿ ਮਾਂ ਹੀ ਪ੍ਰਮਾਤਮਾ ਦਾ ਦੂਜਾ ਰੂਪ ਹੁੰਦੀ ਹੈ ਅਤੇ ਮਾਂ ਹੀ ਬੱਚੇ ਦੀ ਪਹਿਲੀ ਗੁਰੂ ਹੁੰਦੀ ਹੈ। ਮਾਂ ਦੁਆਰਾ ਕੀਤੇ ਗਏ ਉਪਕਾਰਾਂ ਦਾ ਕਰਜ਼ ਅਸੀਂ ਜ਼ਿੰਦਗੀ ਭਰ ਨਹੀਂ ਉਤਾਰ ਸਕਦੇ। ਉਨ੍ਹਾਂ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਮਾਂ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।

ਧਾਰਮਿਕ ਦੀਵਾਨ ਮਨਾਇਆ

ਮਾਲੇਰਕੋਟਲਾ (ਅਸਗਰ ਪਰਿਹਾਰ)-ਗੁਰਦੁਆਰਾ ਸ਼ਹੀਦਾਂ ਵਿਖੇ ਸਮੂਹ ਸਿੰਧੀ ਬਰਾਦਰੀ ਦੇ ਸਹਿਯੋਗ ਨਾਲ ਸੰਤ ਬਾਬਾ ਊਧਮ ਸਿੰਘ ਦੀ ਯਾਦ ਨੂੰ ਸਮਰਪਤ ਤਿੰਨ ਦਿਨਾਂ ਧਾਰਮਿਕ ਦੀਵਾਨ ਸਜਾਏ ਗਏ। ਇਸ ਕੀਰਤਨ ਦਰਬਾਰ 'ਚ ਮਾਤਾ ਵਿਪਨਪ੍ਰੀਤ ਕੌਰ ਲੁਧਿਆਣਾ ਵਾਲੇ, ਭਾਈ ਗਗਨਦੀਪ ਸਿੰਘ ਲਖਨਊ, ਭਾਈ ਤਨਵੀਰ ਸਿੰਘ ਚੰਡੀਗੜ੍ਹ, ਭਾਈ ਸੁਰਿੰਦਰ ਸਿੰਘ ਅੰਮ੍ਰਿਤਸਰ, ਭਾਈ ਸਿਮਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ, ਭਾਈ ਓਂਕਾਰ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਆਦਿ ਨੇ ਰਸਭਿੰਨਾ ਕੀਰਤਨ ਕਰਦਿਆਂ ਸੰਗਤਾਂ ਨੂੰ ਨਿਹਾਲ ਕੀਤਾ।

ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਮਾਰੀ 9.38 ਲੱਖ ਦੀ ਠੱਗੀ, 6 ਖਿਲਾਫ ਮਾਮਲਾ ਦਰਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ 'ਚ ਦੋ ਲੜਕੀਆਂ ਨੂੰ ਵਿਦੇਸ਼ ਇਟਲੀ ਤੇ ਸਿੰਘਾਪੁਰ ਭੇਜਣ ਦਾ ਝਾਂਸਾ ਦੇ ਕੇ 9 ਲੱਖ 38 ਹਜ਼ਾਰ 500 ਰੁਪਏ ਦੀ ਠੱਗੀ ਮਾਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ 6 ਲੋਕਾਂ ਖਿਲਾਫ 420, 406, 120-ਬੀ ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਅਯੂਬ ਮਸੀਹ ਨੇ ਦੱਸਿਆ ਕਿ ਦਰਖਾਸਤ ਨੰਬਰ 2371 ਸਪੈਸ਼ਲ ਪੀਸੀ ਰਾਹੀਂ ਜੀਨਤ ਪੁੱਤਰੀ ਸਵ. ਰਮੇਸ਼ ਕੁਮਾਰ ਵਾਸੀ ਗਲੀ ਨੰਬਰ 4 ਭਾਰਤ ਨਗਰ ਸਿਟੀ ਫਿਰੋਜ਼ਪੁਰ ਨੇ ਦੱਸਿਆ ਕਿ ਦੋਸ਼ੀਆਨ ਗੁਰਪ੍ਰੀਤ ਸਿੰਘ ਉਰਫ਼ ਗੋਪੀ ਪੁੱਤਰ ਇਕਬਾਲ ਸਿੰਘ, ਡਿੰਪਲ ਪਤਨੀ ਗੁਰਪ੍ਰੀਤ ਸਿੰਘ ਉਰਫ਼ ਗੋਪੀ ਵਾਸੀਆਨ 7 ਰਾਸਤਾ ਨਜ਼ਦੀਕ ਬਾਈ ਕਲਾਂ ਸਟੇਸ਼ਨ ਬੰਬੇ ਸੈਂਟਰ ਮੁੰਬਈ ਤੇ ਮੁਹੰਮਦ ਮਹਿੰਦੀ ਹਸਨ ਅਲੀ ਸੇਲੀਆ ਫਲੈਟ ਨੰਬਰ 708 7ਵਾਂ ਫਲੋਰ ਮੌਲਾਨਾ ਆਜ਼ਾਦ ਰੋਡ ਥਾਣਾ ਨਾਗਪਾੜਾ (ਮਹਾਂਰਾਸ਼ਟਰ) ਮੁੰਬਈ ਨੇ ਹਮਮਸ਼ਵਰਾ ਹੋ ਕੇ ਉਸ ਨੂੰ ਵਿਦੇਸ਼ ਇਟਲੀ ਭੇਜਣ ਦਾ ਝਾਂਸਾ ਦੇ ਕੇ 4 ਲੱਖ 88 ਹਜ਼ਾਰ 500 ਰੁਪਏ ਦੀ ਠੱਗੀ ਮਾਰੀ ਹੈ। ਇੱਕ ਹੋਰ ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਉੱਪ ਕਪਤਾਨ ਪੁਲਸ (ਸ਼ਹਿਰੀ) ਸੁਖਵਿੰਦਰ ਸਿੰਘ ਨੇ ਦੱਸਿਆ ਕਿ ਦਰਖਾਸਤ ਨੰਬਰ 1708 ਪੀ ਸੀ ਰਾਹੀਂ ਗੀਤੂ ਪੁੱਤਰੀ ਬਲਵਿੰਦਰ ਸਿੰਘ ਵਾਸੀ ਵਾਰਡ ਨੰਬਰ 11 ਵੀਪੀਓ ਬੈਜਨਾਥ ਕਾਂਗੜਾ ਹਿਮਾਚਲ ਪ੍ਰਦੇਸ਼, ਹਾਲ ਕੈਨਾਲ ਕਾਲੋਨੀ ਫਿਰੋਜ਼ਪੁਰ ਨੇ ਦੱਸਿਆ ਕਿ ਦੋਸ਼ੀਆਨ ਪਰਮਜੀਤ ਸਿੰਘ ਪੁੱਤਰ ਪਿਆਰਾ ਸਿੰਘ, ਵਿਸ਼ਾਲ ਪੁੱਤਰ ਪਰਮਜੀਤ ਸਿੰਘ ਤੇ ਡਿੰਪਲ ਪਤਨੀ ਪਰਮਜੀਤ ਸਿੰਘ ਵਾਸੀ ਜ਼ੀਰਾ ਹਾਲ ਬੇਦੀ ਕਾਲੋਨੀ ਫਿਰੋਜ਼ਪੁਰ ਸ਼ਹਿਰ ਨੇ ਉਸ ਨੂੰ ਵਿਦੇਸ਼ ਸਿੰਘਾਪੁਰ ਭੇਜਣ ਦਾ ਝਾਂਸਾ ਦੇ ਕੇ 4 ਲੱਖ 50 ਹਜ਼ਾਰ ਰੁਪਏ ਦੀ ਠੱਗੀ ਮਾਰੀ ਹੈ। ਜਾਂਚਕਰਤਾ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਬਾਅਦ ਪੜਤਾਲ ਉਕਤ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕੀਤਾ ਹੈ।

ਹਰਗੋਬਿੰਦ ਕੌਰ ਨੂੰ ਤੰਗ-ਪ੍ਰੇਸ਼ਾਨ ਕਰਨ ਦੀ ਸਖਤ ਨਿੰਦਾ

■ ਯੂਨੀਅਨ ਵੱਲੋਂ 16 ਨੂੰ ਫੂਕੇ ਜਾਣਗੇ ਸਰਕਾਰ ਦੇ ਪੁਤਲੇ

ਮੱਖੂ (ਰਛਪਾਲ ਸਿੰਘ ਸੰਧੂ)-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਨੇ ਪੰਜਾਬ ਸਰਕਾਰ ਵੱਲੋਂ ਯੂਨੀਅਨ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਨੂੰ ਜਾਣ ਬੁੱਝ ਕੇ ਬਿਨਾਂ ਕਿਸੇ ਗੱਲੋਂ ਤੰਗ ਪ੍ਰੇਸ਼ਾਨ ਕਰਨ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਜਥੇਬੰਦੀ ਪੰਜਾਬ ਸਰਕਾਰ ਅਤੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਨੂੰ ਕਰਾਰਾ ਤੇ ਮੂੰਹ ਤੋੜਵਾਂ ਜਵਾਬ ਦੇਵੇਗੀ। ਯੂਨੀਅਨ ਦੀ ਬਲਾਕ ਪ੍ਰਧਾਨ ਜੀਵਨ ਸ਼ਰਮਾ ਨੇ ਕਿਹਾ ਕਿ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਪਿਛਲੇ 31 ਸਾਲਾਂ ਤੋਂ ਸਾਡੀ ਅਗਵਾਈ ਕਰ ਰਹੀ ਹੈ ਤੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੇ ਹੱਕਾਂ ਲਈ ਸਰਕਾਰਾਂ ਨਾਲ ਤਕੜੇ ਸੰਘਰਸ਼ ਲੜੇ ਹਨ ਅਤੇ ਜੇਲ੍ਹਾਂ ਕੱਟੀਆਂ ਹਨ।ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਮਾਣ ਸਨਮਾਨ ਦੀ ਜ਼ਿੰਦਗੀ ਦਿਵਾਉਣ ਵਾਸਤੇ ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾਅ 'ਤੇ ਲਗਾਈ।ਸਮੇਂ ਦੀਆਂ ਸਰਕਾਰਾਂ ਕੋ

14-MAY-PAGE-3.qxd 5/13/2024 10:44 PM Page 1

ਸ੍ਰੀ ਗੁਰੂ ਰਾਮਦਾਸ ਨਰਸਿੰਗ ਇੰਸਟੀਚਿਊਟ ਪੰਧੇਰ ਵਿਖੇ ਸੀਐੱਨਈ-ਕਮ-ਵਰਕਸ਼ਾਪ ਦਾ ਆਯੋਜਨ

ਫਤਹਿਗੜ੍ਹ ਚੂੜੀਆਂ (ਪ੍ਰੀਤਮ ਸਿੰਘ)-ਬੀਤੇ ਦਿਨੀਂ ਸ੍ਰੀ ਗੁਰੂ ਰਾਮਦਾਸ ਨਰਸਿੰਗ ਇੰਸਟੀਚਿਊਟ ਪੰਧੇਰ ਵਿਖੇ ਸੀਐੱਨਈ-ਕਮ-ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਇਸ ਵਰਕਸ਼ਾਪ ਵਿੱਚ ਵਿਦਿਆਰਥੀਆਂ ਨੂੰ ਰੀਸੋਰਸਪਰਸਨ ਵੱਲੋਂ ਸੀਪੀਆਰ ਅਤੇ ਬੀਐੱਲਐੱਸ ਬਾਰੇ ਜਾਣਕਾਰੀ ਦਿੱਤੀ ਗਈ।ਵਰਕਸ਼ਾਪ ਵਿੱਚ ਮੁੱਖ ਮਹਿਮਾਨ ਵਜੋਂ ਡਾ. ਪੁਨੀਤ ਗਿਰਧਰ ਰਜਿਸਟਰਾਰ ਪੰਜਾਬ ਨਰਸਿਜ਼ ਰਜਿਸਟ੍ਰੇਸ਼ਨ ਕੌਂਸਲ ਸ਼ਾਮਿਲ ਹੋਏ।ਵਰਕਸ਼ਾਪ ਦੀ ਸ਼ੁਰੂਆਤ ਮੁੱਖ ਮਹਿਮਾਨ ਵੱਲੋਂ ਜੋਤ ਜਗਾ ਕੇ ਕੀਤੀ ਗਈ।ਵਰਕਸ਼ਾਪ ਦੇ ਪਹਿਲੇ ਸਾਇੰਟਿਫਿਕ ਸੈਸ਼ਨ ਦੌਰਾਨ ਡਾ, ਗੁਲਵਤਨ ਸਿੰਘ ਕੰਗ, ਡਾ ਦੀਪਕ ਕਪੂਰ ਅਤੇ ਲਵਲੀਨ ਕੌਰ ਨੇ ਵਿਦਿਆਰਥੀਆਂ ਨੂੰ ਬੀਐੱਲਐੱਸ ਅਤੇ ਏਈਡੀ ਬਾਰੇ ਮੁੱਢਲੀ ਜਾਣਕਾਰੀ ਦੇ ਨਾਲ ਨਾਲ ਸੀਪੀਆਰ ਤੋਂ ਏਅਰਵੇਅ ਪ੍ਰਬੰਧਨ ਅਤੇ ਡੀਫਿਬ੍ਰਿਲੇਟਰ ਬਾਰੇ ਜਾਣਕਾਰੀ ਦਿੱਤੀ ਗਈ।ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਡਾ. ਪੁਨੀਤ ਗਿਰਧਰ ਰਜਿਸਟਰਾਰ ਪੰਜਾਬ ਨਰਸਿਜ਼ ਰਜਿਸਟਰੇਸ਼ਨ ਕੌਂਸਲ ਨੇ ਕਿਹਾ ਕਿ ਇਹ ਵਰਕਸ਼ਾਪ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਸਾਬਿਤ ਹੋਵੇਗੀ।ਨਰਸਿੰਗ ਇਕ ਅਜਿਹਾ ਕਿੱਤਾ ਹੈ ਜੋ ਮਨੁੱਖੀ ਜਾਨਾਂ ਬਚਾਉਣ ਵਿਚ ਆਪਣੀ ਭੂਮਿਕਾ ਨਿਭਾਉਂਦਾ ਹੈ। ਉਨ੍ਹਾਂ ਕਿਹਾ ਕਿ ਕਰੋਨਾ ਮਹਾਂਮਾਰੀ ਦੌਰਾਨ ਨਰਸਿੰਗ ਸਟਾਫ ਨੇ ਆਪਣੀ ਭੂਮਿਕਾ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਈ। ਉਨ੍ਹਾਂ ਕਿਹਾ ਕਿ ਪੇਂਡੂ ਖੇਤਰ ਵਿਚ ਖੋਲ੍ਹੇ ਇਸ ਕਾਲਜ ਵਿੱਚ ਵਿਦਿਆਰਥੀਆਂ ਦੀ ਭਰਪੂਰ ਹਾਜ਼ਰੀ ਨੇ ਜੰਗਲ ਵਿੱਚ ਮੰਗਲ ਲਗਾ ਦਿੱਤਾ ਹੈ।ਵਿਦਿਆਰਥੀਆਂ ਨੂੰ ਨਸ਼ਿਆਂ ਦੀ ਬੁਰੀ ਅਲਾਮਤ ਤੋਂ ਦੂਰ ਰਹਿ ਕੇ ਆਪਣੇ ਮਾਤਾ-ਪਿਤਾ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਨਰਸਿੰਗ ਕਿੱਤੇ ਨੂੰ ਪ੍ਰਫੁੱਲਿਤ ਕਰਨ ਲਈ ਪ੍ਰਿੰਸੀਪਲ ਹਰਜਿੰਦਰਪਾਲ ਕੌਰ ਕੰਗ ਅਤੇ ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਨਰਸਿੰਗ ਇੰਸਟੀਚਿਊਟ ਦੀ ਪੰਜਾਬ ਅੰਦਰ ਜ਼ਰੂਰਤ ਹੈ।ਦੂਸਰੇ ਸਾਇੰਟਿਫਿਕ ਸੈਸ਼ਨ ਦੌਰਾਨ ਡਾ. ਦੀਪਕ ਕਪੂਰ, ਲਵਲੀਨ ਕੌਰ ਅਤੇ ਚਰਨਜੀਤ ਕੌਰ ਨੇ ਕੋਡ ਬਲੂ ਨਰਸਿੰਗ ਤਹਿਤ ਹਸਪਤਾਲ ਦੀ ਦੇਖ ਭਾਲ ਸੈਟਿੰਗ ਵਿੱਚ ਜ਼ਿੰਮੇਵਾਰੀਆਂ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਲੋਂ ਰੀਸੋਰਸਪਰਸਨ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਪ੍ਰਿੰਸੀਪਲ ਹਰਜਿੰਦਰਪਾਲ ਕੌਰ ਕੰਗ, ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ, ਡਾਇਰੈਕਟਰ ਡਾ. ਆਨੰਦਜੀਤ ਕੌਰ, ਡਾ. ਗੁਲਵਤਨ ਸਿੰਘ ਕੰਗ ਨੇ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਪੋਸਟਰ ਮੇਕਿੰਗ ਮੁਕਾਬਲੇ ਵੀ ਕਰਵਾਏ ਗਏ।ਵਿਸ਼ੇਸ਼ ਮਹਿਮਾਨ ਡਾ. ਅਨੰਦ ਜੀਤ ਕੌਰ ਅਤੇ ਹਾਜ਼ਰ ਨੁਮਾਇੰਦਿਆਂ ਵੱਲੋਂ ਪੋਸਟਰ ਮੇਕਿੰਗ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਵਾਈਸ ਪ੍ਰਿੰ. ਰਚਨਾ ਕੁਮਾਰੀ, ਸਲਾਹਕਾਰ ਐਡਵੋਕੇਟ ਮਨਦੀਪ ਸਿੰਘ ਬੋਪਾਰਾਏ, ਸ਼ੇਫਾਲੀ, ਚਰਨਜੀਤ ਕੌਰ, ਜਿਗਰਜੀਤ ਕੌਰ, ਪ੍ਰਭਜੋਤ ਕੌਰ, ਅਵਨੀਤ ਕੌਰ, ਰੁਪਾਲੀ, ਅਮਨਦੀਪ ਕੌਰ, ਜੈਸਮੀਨ ਕੌਰ, ਸਿਮਰਨ ਸਿੱਧੂ, ਸਿਮਰਨ ਰੰਧਾਵਾ, ਸੁਖਮਨ, ਕਨੂੰ ਪ੍ਰਿਆ, ਜਗਦੀਸ਼ ਕੌਰ, ਗਗਨਦੀਪ ਕੌਰ, ਰਾਜਵਿੰਦਰ ਕੌਰ, ਮਨਿੰਦਰ ਕੌਰ, ਨੀਤਿਕਾ, ਪਰਦੀਪ ਸਿੰਘ, ਰੋਬਿਨ ਮਸੀਹ ਆਦਿ ਹਾਜ਼ਰ ਸਨ।ਸਟੇਜ ਦੇ ਫ਼ਰਜ਼ ਬੀਐੱਸਸੀ ਨਰਸਿੰਗ ਦੇ ਵਿਦਿਆਰਥੀ ਨਦੀਮ ਨੇ ਬਾਖੂਬੀ ਨਿਭਾਏ।

ਅਰੁਣਾ ਚੌਧਰੀ ਨੇ ਭਰਵੀਆਂ ਚੋਣ ਮੀਟਿੰਗਾਂ 'ਚ ਰੰਧਾਵਾ ਲਈ ਮੰਗੀਆਂ ਵੋਟਾਂ

ਦੀਨਾਨਗਰ (ਸੰਜੀਵ)-ਕਾਂਗਰਸੀ ਉਮੀਦਵਾਰ ਸੁਖਜਿੰਦਰ ਸਿੰਘ ਰੰਧਾਵਾ ਲਈ ਚੋਣ ਪ੍ਰਚਾਰ ਕਰਦਿਆਂ ਵਿਧਾਇਕਾ ਅਰੁਣਾ ਚੌਧਰੀ ਵੱਲੋਂ ਦੀਨਾਨਗਰ ਦੇ ਵੱਖ-ਵੱਖ ਪਿੰਡਾਂ 'ਚ ਭਰਵੀਆਂ ਚੋਣ ਮੀਟਿੰਗਾਂ ਕਰਕੇ ਵੋਟਾਂ ਮੰਗੀਆਂ ਗਈਆਂ।ਉਨ੍ਹਾਂ ਪਿੰਡ ਘੁੱਲਾ, ਖ਼ਰਲ, ਧਾਰੋਚੱਕ, ਸੈਨਪੁਰ, ਕੌਂਟਾ-ਮਚਲਾ, ਗਾਦੜੀਆਂ, ਰਾਵਲ, ਮੋਖੇ ਅਤੇ ਬਰਿਆਰ ਵਿਖੇ ਲੋਕਾਂ ਨੂੰ ਕਿਹਾ ਕਿ ਸ. ਰੰਧਾਵਾ ਸਭ ਤੋਂ ਕਾਬਿਲ ਉਮੀਦਵਾਰ ਹਨ ਅਤੇ ਉਹ ਗੁਰਦਾਸਪੁਰ ਲੋਕ ਸਭਾ ਹਲਕੇ ਦੀ ਨੁਹਾਰ ਬਦਲਣ ਦੀ ਕਾਬਲੀਅਤ ਰੱਖਦੇ ਹਨ ਜਦਕਿ ਉਨ੍ਹਾਂ ਦੇ ਮੁਕਾਬਲੇ ਚੋਣ ਲੜ ਰਹੇ ਦੂਜੀਆਂ ਪਾਰਟੀਆਂ ਦੇ ਉਮੀਦਵਾਰ ਚੱਲੇ ਹੋਏ ਕਾਰਤੂਸ ਹਨ, ਜੋ ਕਿਸੇ ਦਾ ਕੁਝ ਨਹੀਂ ਸੰਵਾਰ ਸਕਦੇ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਬਦਲਾਅ ਦੇ ਨਾਂ 'ਤੇ ਲੋਕਾਂ ਨੂੰ ਮੂਰਖ਼ ਬਣਾ ਕੇ ਵੋਟਾਂ ਲਈਆਂ ਪਰ ਜਨਤਾ ਦੇ ਫ਼ਾਇਦੇ ਲਈ ਕੋਈ ਬਦਲਾਅ ਪਿਛਲੇ ਦੋ ਸਾਲਾਂ ਵਿੱਚ ਹੁੰਦਾ ਨਹੀਂ ਦਿੱਸਿਆ।ਉਨ੍ਹਾਂ ਤੰਜ ਕੱਸਦਿਆਂ ਕਿਹਾ ਕਿ 'ਆਪ' ਆਗੂਆਂ ਦੀ ਨਿੱਜੀ ਜ਼ਿੰਦਗੀ ਵਿੱਚ ਵੱਡੇ ਬਦਲਾਅ ਜ਼ਰੂਰ ਦੇਖਣ ਨੂੰ ਮਿਲੇ ਹਨ ਅਤੇ ਉਹ ਹੁਣ ਪਹਿਲਾਂ ਨਾਲੋਂ ਜ਼ਿਆਦਾ ਸੌਖੇ ਦਿਖਾਈ ਦਿੰਦੇ ਹਨ।ਚੋਣ ਮੀਟਿੰਗਾਂ ਨੂੰ ਬਲਾਕ ਸੰਮਤੀ ਦੇ ਚੇਅਰਮੈਨ ਹਰਵਿੰਦਰ ਸਿੰਘ ਭੱਟੀ ਨੇ ਵੀ ਸੰਬੋਧਨ ਕੀਤਾ।ਇਸ ਮੌਕੇ ਸੁਖਬੀਰ ਸਿੰਘ ਮੋਖੇ, ਮਨੀਸ਼ ਕਪੂਰ ਗਾਂਧੀਆਂ, ਸਰਪੰਚ ਅਵਿੰਦਰ ਟਿੰਕੂ ਕਾਹਲੋਂ ਹਰੀਪੁਰ, ਹਰਪਾਲ ਸਿੰਘ ਬੈਂਸ ਬਰਿਆਰ, ਲਾਲੀ ਚੀਮਾ ਬਰਿਆਰ, ਧਰਮ ਪਾਲ, ਵਿਸ਼ਾਲ ਧਾਰੋਚੱਕ, ਮਲਹਾਰ ਸਿੰਘ ਸੈਨਪੁਰ, ਮਨਜੀਤ ਕੌਰ ਰਾਵਲ, ਸਰਬਜੀਤ ਸਿੰਘ ਕੌਂਟਾ, ਹਰਪਾਲ ਬੈਂਸ, ਜੋਗਿੰਦਰ ਸਿੰਘ ਬਰਿਆਰ, ਕਮਲ ਕਪੂਰ ਗਾਂਧੀਆਂ, ਸੰਨੀ ਪੰਡੋਰੀ, ਬਲਦੇਵ ਸੁਲਤਾਨੀ, ਸੁਰੇਸ਼ ਬਾਲਾਪਿੰਡੀ, ਅਸ਼ੋਕ ਕੁਮਾਰ ਘੁੱਲਾ, ਗੁਰਮੁੱਖ ਸਿੰਘ ਖ਼ਰਲ, ਅਮਰੀਕ ਸਿੰਘ ਗਾਦਡੀਆਂ ਅਤੇ ਸ਼ਾਮ ਸੁੰਦਰ ਲੱਕੀ ਸਮੇਤ ਪਿੰਡਾਂ ਦੇ ਮੋਹਤਬਰ ਹਾਜ਼ਰ ਸਨ।

ਗਲੀਆਂ-ਬਾਜ਼ਾਰਾਂ 'ਚ ਅਕਸਰ ਖੁੱਲ੍ਹੇ ਨਜ਼ਰ ਆਉਂਦੇ ਨੇ ਮੀਟਰਾਂ ਦੇ ਬਕਸੇ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਅਜਨਾਲਾ ਸ਼ਹਿਰ ਦੇ ਉੱਘੇ ਸਮਾਜ ਸੇਵੀ ਪਵਿੱਤਰ ਸਿੰਘ ਫੈਂਸੀ ਅਜਨਾਲਾ ਨੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ਹਿਰ ਦੇ ਹਰ ਮੁਹੱਲੇ ਹਰ ਬਾਜ਼ਾਰ ਵਿੱਚ ਅਤੇ ਵੱਖ-ਵੱਖ ਥਾਵਾਂ 'ਤੇ ਲੱਗੇ ਮੀਟਰਾਂ ਦੇ ਬਕਸੇ ਸ਼ਰੇਆਮ ਖੁਲ੍ਹੇ ਨਜ਼ਰ ਆਉਂਦੇ ਹਨ। ਲੋਕ ਸਿੰਧੀਆਂ ਕੁੰਡੀਆਂ ਲਗਾਉਂਦੇ ਹਨ।ਫੈਂਸੀ ਅਜਨਾਲਾ ਨੇ ਦੱਸਿਆ ਕਿ ਹੁਣ ਚੋਰਾਂ ਵੱਲੋਂ ਬਕਸਿਆਂ ਦੇ ਦਰਵਾਜ਼ੇ ਲਾਹ ਕੇ ਵੇਚੇ ਜਾ ਰਹੇ ਹਨ।ਉਨ੍ਹਾਂ ਬਿਜਲੀ ਬੋਰਡ ਦੇ ਉਚ ਅਧਿਕਾਰੀਆਂ ਤੋਂ ਮੰਗ ਕੀਤੀ ਕੀ ਸ਼ਹਿਰ ਵਿੱਚ ਜਿੰਨੇ ਵੀ ਮੀਟਰਾਂ ਦੇ ਬਕਸੇ ਲੱਗੇ ਹੋਏ ਹਨ, ਲੱਥੇ ਹੋਏ ਦਰਵਾਜ਼ੇ ਨਵੇਂ ਲਗਾ ਕੇ ਨੰਗੇ ਜੋੜਾਂ ਨੂੰ ਸਹੀ ਕਰਕੇ ਮੀਟਰਾਂ ਨੂੰ ਸੀਲ ਕੀਤਾ ਜਾਵੇ ਬਕਸਿਆਂ ਨੂੰ ਜ਼ਿੰਦਰੇ ਲਗਾਏ ਜਾਣ ਜਿਸ ਨਾਲ ਕੋਈ ਵਿਅਕਤੀ ਛੇੜਛਾੜ ਨਾ ਕਰ ਸਕੇ।ਬਕਸਿਆਂ ਦੀਆਂ ਚਾਬੀਆਂ ਸਿਰਫ ਲਾਇਨਮੈਨ ਕੋਲ ਹੋਣੀਆਂ ਚਾਹੀਦੀਆਂ।ਮੀਟਰਾਂ ਦੀ ਰੀਡਿੰਗ ਲੈਣ ਅਤੇ ਕੋਈ ਤਕਨੀਕੀ ਖਰਾਬੀ ਪੈਣ ਤੇ ਸਿਰਫ ਲਾਇਨਮੈਨ ਦੀ ਦੇਖਰੇਖ ਵਿਚ ਬਕਸੇ ਖੋਲ੍ਹੇ ਜਾਣ ਤੇ ਬੰਦ ਕੀਤੇ ਜਾਣ।ਇਸ ਸਬੰਧ ਵਿੱਚ ਜਦੋਂ ਬਿਜਲੀ ਬੋਰਡ ਅਜਨਾਲਾ ਦੇ ਐੱਸਡੀਓ ਸਾਹਿਬ ਨੂੰ ਪੁੱਛਿਆ ਗਿਆ ਤੇ ਉਨ੍ਹਾਂ ਜਵਾਬ ਦਿੱਤਾ ਕਿ ਜੇ ਈ ਦੀ ਡਿਊਟੀ ਲਗਾ ਕੇ ਮੀਟਰਾਂ ਦੇ ਬਕਸਿਆਂ ਨੂੰ ਪੱਕੇ ਤੌਰ 'ਤੇ ਜਿੰਦਰੇ ਲਗਵਾਏ ਜਾਣਗੇ। ਜੋ ਵਿਅਕਤੀ ਬਕਸਿਆਂ ਨਾਲ ਛੇੜਛਾੜ ਕਰੇਗਾ ਉਸ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਹੋਵੇਗੀ।

ਔਜਲਾ ਦੇ ਹੱਕ 'ਚ ਸਮੁੱਚੀ ਕਾਂਗਰਸ ਲੀਡਰਸ਼ਿਪ ਨੇ ਕੀਤੀ ਵਿਸ਼ਾਲ ਚੋਣ ਰੈਲੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਜਦੋਂ ਦੇਸ਼ ਵਿੱਚ ਸਮਾਜ ਦੇ ਹਰ ਵਰਗ ਦਾ ਵਿਕਾਸ ਹੋਇਆ ਸੀ ਤਾਂ ਡਾ: ਮਨਮੋਹਨ ਸਿੰਘ ਪ੍ਰਧਾਨ ਮੰਤਰੀ ਸਨ ਜੋ ਹਰ ਇੱਕ ਦੇ ਦਰਦ ਨੂੰ ਸਮਝਦੇ ਸਨ ਜਦਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਿਸੇ ਸਮੱਸਿਆ 'ਤੇ ਗੱਲ ਕਰਨਾ ਵੀ ਜ਼ਰੂਰੀ ਨਹੀਂ ਸਮਝਦੇ। ਇਹ ਗੱਲ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਹਰੀਸ਼ ਚੌਧਰੀ ਨੇ ਕਹੀ। ਹਰੀਸ਼ ਚੌਧਰੀ ਲੋਕ ਸਭਾ ਉਮੀਦਵਾਰ ਗੁਰਜੀਤ ਸਿੰਘ ਔਜਲਾ ਦੇ ਹੱਕ ਵਿੱਚ ਸਾਬਕਾ ਉਪ ਮੁੱਖ ਮੰਤਰੀ ਓ. ਪੀ. ਸੋਨੀ ਦੀ ਅਗਵਾਈ ਹੇਠ ਕੀਤੀ ਚੋਣ ਰੈਲੀ ਦੌਰਾਨ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਅੰਮ੍ਰਿਤਸਰ ਕਾਂਗਰਸ ਦੀ ਸਮੁੱਚੀ ਲੀਡਰਸ਼ਿਪ ਮੌਜੂਦ ਸੀ ਜਿਨ੍ਹਾਂ ਨੇ ਇਕਜੁੱਟ ਹੋ ਕੇ ਗੁਰਜੀਤ ਸਿੰਘ ਔਜਲਾ ਨੂੰ ਤੀਜੀ ਵਾਰ ਜਿਤਾਉਣ ਦੀ ਅਪੀਲ ਕੀਤੀ। ਇਸ ਮੌਕੇ ਓ. ਪੀ. ਸੋਨੀ ਨੇ ਕਿਹਾ ਕਿ ਪੰਜਾਬ ਵਾਸੀ ਜੋ ਵੀ ਸੋਚਦੇ ਹਨ ਉਹ ਕਰਦੇ ਹਨ, ਇਸੇ ਲਈ ਇਸ ਵਾਰ ਪੰਜਾਬੀਆਂ ਨੇ ਕਾਂਗਰਸ ਦੀ ਜਿੱਤ ਲਈ ਪ੍ਰਣ ਕੀਤਾ ਹੈ ਅਤੇ ਦੇਸ਼ ਦੇ ਚੰਗੇ ਹਾਲਾਤ ਲਈ ਕਾਂਗਰਸ ਹੀ ਜੇਤੂ ਰਹੇਗੀ। ਉਨ੍ਹਾਂ ਕਿਹਾ ਕਿ ਇਸ ਸਮੇਂ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਅਤੇ ਦੇਸ਼ ਨੂੰ ਜਿੱਤ ਦਿਵਾਉਣ ਲਈ ਕਾਂਗਰਸ ਨੂੰ ਜਿੱਤ ਦਿਵਾਉਣੀ ਬਹੁਤ ਜ਼ਰੂਰੀ ਹੈ। ਆਮ ਆਦਮੀ ਪਾਰਟੀ ਨੂੰ ਵੋਟਾਂ ਪਾ ਕੇ ਵੋਟਾਂ ਖਰਾਬ ਕਰਨ ਦੀ ਬਜਾਏ ਕਾਂਗਰਸ ਨੂੰ ਵੋਟ ਪਾ ਕੇ ਸਰਕਾਰ ਬਣਾਈ ਜਾਵੇ। ਇਸ ਵਾਰ ਕੇਂਦਰ ਵਿੱਚ ਵੀ ਕਾਂਗਰਸ ਦੀ ਸਰਕਾਰ ਬਣਾਉਣੀ ਜ਼ਰੂਰੀ ਹੈ। ਇਸ ਮੌਕੇ ਵਿਧਾਇਕ ਜੁਗਲ ਕਿਸ਼ੋਰ ਸ਼ਰਮਾ, ਅਸ਼ਵਨੀ ਪੱਪੂ, ਡਿਪਟੀ ਮੇਅਰ ਯੂਨਸ ਕੁਮਾਰ, ਕੌਂਸਲਰ ਵਿਕਾਸ ਸੋਨੀ, ਕੌਂਸਲਰ ਮਹੇਸ਼ ਖੰਨਾ, ਕੌਂਸਲਰ ਰਾਜ ਕਵਲਪ੍ਰੀਤ ਸਿੰਘ ਲੱਕੀ, ਕੌਂਸਲਰ ਪਰਮਜੀਤ ਚੋਪੜਾ, ਕੌਂਸਲਰ ਸਰਬਜੀਤ ਸਿੰਘ, ਪੰਜਾਬ ਪ੍ਰਦੇਸ਼ ਵਪਾਰ ਮੰਡਲ ਦੇ ਮੁਖੀ ਪਿਆਰਾ ਲਾਲ ਸੇਠ ਅਤੇ ਹੋਰ ਵਰਕਰ ਹਾਜ਼ਰ ਸਨ।

ਨਸ਼ੀਲੀਆਂ ਗੋਲੀਆਂ ਤੇ ਹੈਰੋਇਨ ਸਮੇਤ ਕਾਬੂ ਦੋਸ਼ੀਆਂ ਖ਼ਿਲਾਫ਼ ਮਾਮਲੇ ਦਰਜ

ਗੁਰਦਾਸਪੁਰ, (ਜਨਕ ਮਹਾਜਨ)- ਥਾਣਾ ਤਿੱਬੜ ਦੇ ਏ. ਐੱਸ. ਆਈ. ਗੁਰਨਾਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਪੁਲਸ ਪਾਰਟੀ ਸਮੇਤ ਭੈੜੇ ਪੁਰਸ਼ਾਂ ਦੇ ਸੰਬੰਧ ਵਿੱਚ ਅੱਡਾ ਬੱਬੇਹਾਲੀ ਤੋਂ ਜਗਪ੍ਰੀਤ ਸਿੰਘ ਪੁੱਤਰ ਦਲਜੀਤ ਸਿੰਘ ਵਾਸੀ ਬੱਬੇਹਾਲੀ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈੱਕ ਕੀਤਾ ਜਿਸ ਵਿਚੋਂ 159 ਨਸ਼ੀਲੀਆਂ ਗੋਲੀਆਂ ਬਿਨਾਂ ਲੇਬਲ ਰੰਗ ਗੁਲਾਬੀ ਬਰਾਮਦ ਹੋਈਆਂ ਹਨ। ਇਸੇ ਤਰ੍ਹਾਂ ਥਾਣਾ ਧਾਰੀਵਾਲ ਪੁਲਿਸ ਦੇ ਏਐੱਸਆਈ. ਨਿਰਮਲ ਸਿੰਘ ਨੇ ਪੁਲਸ ਪਾਰਟੀ ਸਮੇਤ ਤਰੀਜਾ ਨਗਰ ਮੋੜ ਬਾਈਪਾਸ ਧਾਰੀਵਾਲ ਤੋਂ ਦਨੇਸ ਕੁਮਾਰ ਪੁੱਤਰ ਅਨੰਤਾ ਰਾਮ ਵਾਸੀ ਬਟੇਹ ਹਿਮਾਚਲ ਪ੍ਰਦੇਸ, ਗੀਤੂ ਰਾਮ ਪੁੱਤਰ ਪ੍ਰੇਮ ਲਾਲ ਵਾਸੀ ਦਾਰਟ ਜੋਗਿੰਦਰ ਨਗਰ ਮੰਡੀ ਹਿਮਾਚਲ ਪ੍ਰਦੇਸ ਨੂੰ ਸ਼ੱਕ ਦੇ ਆਧਾਰ 'ਤੇ ਸੈਂਟਰੋ ਗੱਡੀ ਸਮੇਤ ਕਾਬੂ ਕਰਕੇ ਉਨ੍ਹਾਂ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ, ਜਿਸ ਵਿਚੋਂ 15 ਗਰਾਮ ਹੈਰੋਇਨ ਬਰਾਮਦ ਹੋਈ ਹੈ। ਪੁਲਸ ਨੇ ਉਕਤ ਦੋਸ਼ੀਆਂ ਖ਼ਿਲਾਫ਼ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਪਾਵਰਕਾਮ/ਟਰਾਂਸਕੋ ਪੈਨਸ਼ਨਰਜ਼ ਨੇ ਪੰਜਾਬ ਸਰਕਾਰ ਖਿਲਾਫ ਰੋਸ ਜਤਾਇਆ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਕੀਤੇ ਵਾਅਦਿਆਂ ਤੋਂ ਮੁੱਕਰਦੀ ਨਜ਼ਰ ਆਉਣ ਦੇ ਰੋਸ ਵਜੋਂ ਮੰਡਲ ਕਾਦੀਆਂ ਵਿਖੇ ਪਾਵਰ ਕਾਮ ਅਤੇ ਟਰਾਂਸਕੋ ਪੈਨਸ਼ਨਰ ਪੰਜਾਬ ਵੱਲੋਂ ਭਰਵੀਂ ਇਕੱਤਰਤਾ ਕਰਕੇ ਰੋਸ ਜਤਾਇਆ ਅਤੇ ਨਾਅਰੇਬਾਜ਼ੀ ਕੀਤੀ। ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕੀਤਾ ਤੇ ਪੰਜਾਬ ਸਰਕਾਰ ਤੇ ਪਾਵਰ ਕਾਮ ਮੈਨੇਜਮੈਂਟ ਖਿਲਾਫ ਆਪਣਾ ਰੋਸ ਜਤਾਇਆ ।ਮੰਗ ਕੀਤੀ ਕਿ ਕੇਂਦਰ ਸਰਕਾਰ ਅਤੇ ਬਾਕੀ ਰਾਜਾਂ ਵਾਂਗ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਪੰਜਾਬ ਦੇ ਮੁਲਾਜ਼ਮਾਂ ਨੂੰ ਵੀ ਦਿੱਤੀਆਂ ਜਾਣ।ਸਕੱਤਰ ਪਰਮਜੀਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਹੋਰ ਕਿਹਾ ਕਿ 1 ਜਨਵਰੀ 2011 ਤੋਂ ਮਹਿੰਗਾਈ ਭੱਤੇ ਦੇ ਬਕਾਏ ਦੀਆਂ ਕਿਸ਼ਤਾਂ ਲਾਗੂ ਕੀਤੀਆਂ ਜਾਣ ਅਤੇ 6 ਜੂਨ 2016 ਤੱਕ ਦਾ 66 ਮਹੀਨਿਆਂ ਦਾ ਬਕਾਇਆ ਜਾਰੀ ਕੀਤਾ ਜਾਵੇ।ਪੈਨਸ਼ਨਰਾਂ ਦੀਆਂ ਬਾਕੀ ਮੰਗਾਂ ਵੀ ਜਲਦੀ ਮੰਨੀਆਂ ਜਾਣ, ਮੈਡੀਕਲ ਭੱਤਾ 2000 ਦੇਣ ਆਦਿ ਮੰਗਾਂ ਰੱਖੀਆਂ। ਇਸ ਤੋਂ ਇਲਾਵਾ ਠੇਕੇਦਾਰੀ ਸਿਸਟਮ ਬੰਦ ਕਰਨ ਅਤੇ ਪਾਵਰ ਕਾਮ ਤੇ ਟ੍ਰਾਂਸਪੋਰਟ ਨੂੰ ਨਿੱਜੀ ਹੱਥਾਂ ਵਿੱਚ ਦੇਣ ਦਾ ਸਖਤ ਵਿਰੋਧ ਕੀਤਾ ਗਿਆ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਸਮੇਤ ਵੱਖ-ਵੱਖ ਮੰਗਾਂ ਰੱਖੀਆਂ। ਉਨ੍ਹਾਂ ਕਿਹਾ ਕਿ ਬੇਰੁਜ

14-May-PAGE-4-2024.qxd 5/13/2024 10:42 PM Page 1

ਨਵਾਂ ਜ਼ਮਾਨਾ
ਮੰਗਲਵਾਰ, 14 ਮਈ 2024

ਹਾਕਮਾਂ ਦੀ ਬੁਖਲਾਹਟ

ਲੋਕ ਸਭਾ ਚੋਣਾਂ ਵਿੱਚ ਹਾਰ ਦੇ ਡਰ ਨੇ ਹਾਕਮ ਜਮਾਤ ਨੂੰ ਕੰਬਣੀ ਛੇੜ ਰੱਖੀ ਹੈ। ਉਹ ਏਨੀ ਬੁਖਲਾ ਚੁੱਕੀ ਹੈ ਕਿ ਵਿਰੋਧ ਦਾ ਇੱਕ ਸ਼ਬਦ ਵੀ ਸੁਣਨਾ ਉਸ ਲਈ ਅਸਹਿ ਹੋ ਚੁੱਕਾ ਹੈ। ਇਸ ਸਮੇਂ ਅਜ਼ਾਦ ਪੱਤਰਕਾਰਤਾ ਇਸ ਦਾ ਮੁੱਖ ਨਿਸ਼ਾਨਾ ਹੈ।

ਚੌਥੇ ਗੇੜ ਦੀਆਂ ਵੋਟਾਂ ਤੋਂ ਇੱਕ ਦਿਨ ਪਹਿਲਾਂ ਰਾਏਬਰੇਲੀ ਵਿੱਚ ਭਾਜਪਾਈ ਗੁੰਡਿਆਂ ਨੇ ਇੱਕ ਸੋਸ਼ਲ ਮੀਡੀਆ ਪਲੇਟਫਾਰਮ ਦੇ ਪੱਤਰਕਾਰ ਰਾਘਵ ਤ੍ਰਿਵੇਦੀ ਨੂੰ ਹਮਲਾ ਕਰਕੇ ਅਧਮੋਇਆ ਕਰ ਦਿੱਤਾ। ਇਹ ਘਟਨਾ ਉਸ ਸਮੇਂ ਵਾਪਰੀ, ਜਦੋਂ ਦੇਸ਼ ਦਾ ਗ੍ਰਹਿ ਮੰਤਰੀ ਅਮਿਤ ਸ਼ਾਹ ਇੱਕ ਚੋਣ ਰੈਲੀ ਨੂੰ ਸੰਬੋਧਨ ਕਰ ਰਿਹਾ ਸੀ। ਰਾਘਵ ਤ੍ਰਿਵੇਦੀ ਦੀਆਂ ਹਮਲੇ ਸਮੇਂ ਦੀਆਂ ਸਾਹਮਣੇ ਆਈਆਂ ਤਸਵੀਰਾਂ ਵਿੱਚ ਸਾਫ਼ ਦਿਸਦਾ ਹੈ ਕਿ ਉਸ ਦੇ ਪਿੰਡੇ 'ਤੇ ਥਾਂ-ਥਾਂ ਸੱਟਾਂ ਦੇ ਨਿਸ਼ਾਨ ਹਨ ਤੇ ਨੱਕ ਵਿੱਚੋਂ ਖ਼ੂਨ ਵਗ ਰਿਹਾ ਹੈ। ਇਸ ਘਟਨਾ ਦੇ ਸਾਹਮਣੇ ਆਏ ਵੀਡੀਓ ਵਿੱਚ ਭਾਜਪਾ ਵਰਕਰ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕਰਦੇ ਦੇਖੇ ਜਾ ਸਕਦੇ ਹਨ।

ਹਸਪਤਾਲ ਵਿੱਚ ਜ਼ਖ਼ਮੀ ਰਾਘਵ ਨੇ ਪੱਤਰਕਾਰਾਂ ਨੂੰ ਦੱਸਿਆ, ਮੈਂ ਅਮਿਤ ਸ਼ਾਹ ਦੀ ਰੈਲੀ ਨੂੰ ਕਵਰ ਕਰ ਰਿਹਾ ਸੀ। ਲੋਕ ਉਠ-ਉਠ ਕੇ ਜਾ ਰਹੇ ਸਨ। ਮੈਂ ਪੁੱਛ ਲਿਆ ਕਿ ਕਿਉਂ ਜਾ ਰਹੇ ਹੋ, ਇਸੇ ਸਵਾਲ 'ਤੇ ਨੇੜੇ ਖੜ੍ਹੇ ਭਾਜਪਾ ਵਾਲਿਆਂ ਨੇ ਮੈਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਮੈਂ ਬਾਹਰ ਕੁਝ ਔਰਤਾਂ ਨਾਲ ਗੱਲ ਕੀਤੀ ਸੀ, ਜਿਨ੍ਹਾਂ ਕਿਹਾ ਕਿ ਸਾਨੂੰ ਨਹੀਂ ਪਤਾ ਕਿ ਸਾਨੂੰ ਕਿਉਂ ਲਿਆਂਦਾ ਗਿਆ ਹੈ। ਪ੍ਰਧਾਨ ਜੀ ਨੇ 100 ਰੁਪਏ ਦਿੱਤੇ ਸਨ, ਇਸ ਲਈ ਆ ਗਏ ਹਾਂ।'

ਇਹ ਕੋਈ ਆਮ ਘਟਨਾ ਨਹੀਂ ਹੈ। ਇੱਕ ਪੱਤਰਕਾਰ ਨੂੰ ਉਸ ਸਮੇਂ ਕੁੱਟਿਆ ਗਿਆ, ਜਦੋਂ ਉਹ ਕੇਂਦਰੀ ਗ੍ਰਹਿ ਮੰਤਰੀ ਦੀ ਰੈਲੀ ਨੂੰ ਕਵਰ ਕਰ ਰਿਹਾ ਸੀ। ਗ੍ਰਹਿ ਮੰਤਰੀ ਦੀ ਜ਼ਿੰਮੇਵਾਰੀ ਲੋਕਾਂ ਨੂੰ ਸੁਰੱਖਿਆ ਦੇਣ ਦੀ ਹੁੰਦੀ ਹੈ, ਪਰ ਉਸ ਦੇ ਸਾਹਮਣੇ ਹੀ ਇੱਕ ਪੱਤਰਕਾਰ ਨੂੰ ਕੁੱਟਿਆ ਜਾ ਰਿਹਾ ਸੀ। ਇਹ ਘਟਨਾ ਦਿਖਾਉਂਦੀ ਹੈ ਕਿ ਤਾਨਾਸ਼ਾਹੀ ਆਪਣੇ ਨੰਗੇ ਰੂਪ ਵਿੱਚ ਸਾਹਮਣੇ ਆ ਚੁੱਕੀ ਹੈ।

ਭਾਰਤੀ ਰਾਜਨੀਤੀ ਵਿੱਚ ਭਾਜਪਾ ਦਾ ਕਾਲਾ ਚਿਹਰਾ ਚੋਣ ਪ੍ਰਚਾਰ ਦੌਰਾਨ ਸਾਹਮਣੇ ਆ ਚੁੱਕਾ ਹੈ। ਦਿੱਲੀ ਵਿੱਚ ਕੇਜਰੀਵਾਲ ਦੀ ਰਿਹਾਈ ਬਾਰੇ ਜਦੋਂ 'ਆਜ ਤੱਕ' ਦੇ ਪੱਤਰਕਾਰ ਨੇ ਅਮਿਤ ਸ਼ਾਹ ਨੂੰ ਸਵਾਲ ਪੁੱਛਿਆ ਤਾਂ ਉਨ੍ਹਾ ਜਿਸ ਤਰ੍ਹਾਂ ਚਿੜ੍ਹ ਕੇ ਜਵਾਬ ਦਿੱਤਾ, ਉਹ ਉਨ੍ਹਾ ਦੀ ਬੁਖਲਾਹਟ ਨੂੰ ਸਾਹਮਣੇ ਲਿਆ ਰਿਹਾ ਸੀ।

ਇਸ ਸਮੇਂ ਪ੍ਰਧਾਨ ਮੰਤਰੀ ਤੇ ਉਸ ਦੀ ਸਰਕਾਰ ਕੰਮ-ਚਲਾਊ ਹੈਸੀਅਤ ਵਿੱਚ ਹੈ। ਇਸ ਦੇ ਬਾਵਜੂਦ ਹਾਕਮਾਂ ਦਾ ਰਵੱਈਆ ਤੇ ਉਨ੍ਹਾਂ ਵੱਲੋਂ ਆਪਣੇ ਵਰਕਰਾਂ ਨੂੰ ਗੁੰਡਾਗਰਦੀ ਦੀ ਦਿੱਤੀ ਗਈ ਛੋਟ ਆਉਣ ਵਾਲੇ ਦਿਨਾਂ ਦੌਰਾਨ ਵਾਪਰਨ ਵਾਲੇ ਹਾਲਾਤ ਪ੍ਰਤੀ ਚਿੰਤਾ ਵਧਾਉਂਦੀ ਹੈ। ਇਹ ਦਿਖਾਉਂਦਾ ਹੈ ਕਿ ਜੇਕਰ ਭਾਜਪਾ ਮੁੜ ਸੱਤਾ ਵਿੱਚ ਆਉਂਦੀ ਹੈ ਤਾਂ ਉਹ ਕਿੰਨੀ ਖ਼ਤਰਨਾਕ ਸਾਬਤ ਹੋਵੇਗੀ। ਪ੍ਰਗਟਾਵੇ ਦੀ ਅਜ਼ਾਦੀ ਤਾਂ ਪਹਿਲਾਂ ਹੀ ਖ਼ਤਮ ਹੋ ਚੁੱਕੀ ਹੈ, ਅੱਗੋਂ ਸੜਕ ਤੇ ਇੱਥੋਂ ਤੱਕ ਕਿ ਘਰ ਵਿੱਚ ਬੋਲਣ ਦੀ ਵੀ ਮਨਾਹੀ ਕਰ ਦਿੱਤੀ ਜਾਵੇਗੀ।

ਅਸਲ ਵਿੱਚ ਸੋਸ਼ਲ ਮੀਡੀਆ ਹਮਲਾਵਰ ਹੋ ਕੇ ਚੋਣਾਂ ਵਿੱਚ ਹਿੱਸਾ ਲੈ ਰਿਹਾ ਹੈ, ਉਸ ਨੇ ਭਾਜਪਾ ਆਗੂਆਂ ਨੂੰ ਤ੍ਰੇਲੀਆਂ ਲਿਆ ਦਿੱਤੀਆਂ ਹਨ। ਰਾਏਬਰੇਲੀ ਦੀ ਇਸ ਘਟਨਾ ਰਾਹੀਂ ਸ਼ਾਇਦ ਭਾਜਪਾਈ ਹਾਕਮ ਸੋਸ਼ਲ ਮੀਡੀਆ ਨੂੰ ਇਹ ਚੇਤਾਵਨੀ ਦੇਣਾ ਚਾਹੁੰਦੇ ਹਨ ਕਿ ਜੇਕਰ ਇਸੇ ਤਰ੍ਹਾਂ ਖੁੱਲ੍ਹ ਕੇ ਸੱਚ ਬੋਲਦੇ ਰਹੇ ਤਾਂ ਬਾਕੀਆਂ ਦਾ ਹਾਲ ਵੀ ਰਾਘਵ ਵਰਗਾ ਹੋਵੇਗਾ। ਇਸ ਸਮੇਂ ਭਾਜਪਾ ਪੂਰੇ ਸੋਸ਼ਲ ਮੀਡੀਆ ਵਿੱਚੋਂ ਬਾਹਰ ਹੋ ਚੁੱਕੀ ਹੈ। ਗੋਦੀ ਮੀਡੀਆ ਦਾ ਲੋਕ ਬਾਈਕਾਟ ਕਰ ਰਹੇ ਹਨ। ਇਸ ਹਾਲਤ ਵਿੱਚ ਉੱਠ ਰਹੇ ਸਵਾਲਾਂ ਨੇ ਹਾਕਮਾਂ ਦੀ ਨੀਂਦ ਉਡਾ ਰੱਖੀ ਹੈ।

ਗ੍ਰਹਿ ਮੰਤਰੀ ਦੀ ਹਾਜ਼ਰੀ ਵਿੱਚ ਵਾਪਰੀ ਇਸ ਘਟਨਾ ਨੇ ਦੱਸ ਦਿੱਤਾ ਹੈ ਕਿ ਦੇਸ਼ ਵਿੱਚ ਲੋਕਤੰਤਰ ਦੀ ਥਾਂ ਫਾਸ਼ੀਵਾਦੀ ਨਿਜ਼ਾਮ ਕੰਮ ਕਰ ਰਿਹਾ ਹੈ। ਇਸ ਸਾਰੇ ਕੇਸ ਵਿੱਚ ਚੋਣ ਕਮਿਸ਼ਨ ਨੇ ਬੇਸ਼ਰਮ ਚੁੱਪ ਵੱਟੀ ਹੋਈ ਹੈ। ਉਹ ਨੰਗੇ-ਚਿੱਟੇ ਰੂਪ ਵਿੱਚ ਸੱਤਾ ਦੇ ਗੁਲਾਮਾਂ ਵਾਲੀ ਭੂਮਿਕਾ ਨਿਭਾਅ ਰਿਹਾ ਹੈ। ਇਸ ਸਮੇਂ ਲੋਕ ਜਾਗ ਚੁੱਕੇ ਹਨ। ਚੋਣ ਜਨਤਾ ਲੜ ਰਹੀ ਹੈ। ਜਨਤਾ ਦੀ ਤਾਕਤ ਹੀ ਫਾਸ਼ੀਵਾਦੀ ਹਾਕਮਾਂ ਦੇ ਅੰਤ ਦਾ ਕਾਰਨ ਬਣੇਗੀ।

ਆਰਥਿਕ, ਰਾਜਨੀਤਕ ਤੇ ਸਮਾਜਿਕ ਅਸਥਿਰਤਾ ਵੱਲ ਵਧ ਰਿਹਾ ਆਧੁਨਿਕ ਭਾਰਤ

ਕਾਨਕ ਮਨੀ ਦੀਕਸ਼ਤ
ਅਨੁਵਾਦ -ਪੁਸ਼ਪਿੰਦਰ

ਭੂਗੋਲਿਕ ਪੱਖ ਤੋਂ ਭਾਰਤ ਦੁਨੀਆ ਦਾ ਬਹੁਤ ਵੱਡਾ ਦੇਸ਼ ਹੈ, ਪਰ ਵਸੋਂ ਦੇ ਪੱਖ ਤੋਂ ਵੀ ਇਹ ਨੰਬਰ ਇੱਕ ਦੇਸ਼ ਬਣ ਗਿਆ ਹੈ। ਇਨ੍ਹਾਂ 142 ਕਰੋੜ ਨਾਗਰਿਕਾਂ ਦੀ ਜੀਵਨ ਹਾਲਤ ਕਿਸ ਤਰ੍ਹਾਂ ਦੀ ਹੈ, ਜੋ ਜ਼ਿਆਦਾ ਮਹੱਤਵ ਰੱਖਦੀ ਹੈ। ਨਰਿੰਦਰ ਮੋਦੀ ਸਰਕਾਰ ਨੂੰ ਕੁਝ ਨਿਮਰਤਾ ਤੋਂ ਕੰਮ ਲੈਣਾ ਚਾਹੀਦਾ ਹੈ, ਕਿਉਂਕਿ ਦੇਸ਼ ਦੀ ਆਰਥਿਕਤਾ ਦੀ ਰਫਤਾਰ ਸੁਸਤ ਹੈ : ਨੌਜਵਾਨਾਂ ਦਰਮਿਆਨ ਬੇਰੁਜ਼ਗਾਰੀ ਦੀ ਦਰ ਉਪਰ ਹੈ ; ਸਰਕਾਰੀ ਤਸ਼ੱਦਦ ਦੇ ਬਾਵਜੂਦ ਕਿਸਾਨ ਸੜਕਾਂ 'ਤੇ ਹਨ ; ਉਦਯੋਗ ਖੇਤਰ, ਖਾਸ ਕਰ ਨਿਮਨ ਤੇ ਮੱਧ-ਵਰਗੀ ਉਦਯੋਗ ਅਜੇ ਤੱਕ ਵਿਮੁਦਰੀਕਰਨ ਅਤੇ ਕੋਵਿਡ ਦੀ ਦੂਹਰੀ ਮਾਰ ਤੋਂ ਬਾਹਰ ਨਹੀਂ ਆ ਸਕਿਆ। ਅਰਥ ਸ਼ਾਸ਼ਤਰੀ ਅਸ਼ੋਕ ਮੋਦੀ ਦੇਸ਼ ਦੀ ਰੋਜ਼ਗਾਰ ਦੀ ਸਥਿਤੀ ਨੂੰ 'ਭਿਆਨਕ' ਕਹਿੰਦਾ ਹੈ, ਕਿਉਂਕਿ "7 ਕਰੋੜ ਨਾਗਰਿਕ ਖੇਤੀਬਾੜੀ ਵਰਗੇ ਗਹਿਰੀ ਮੰਦੀ ਦੇ ਮਾਰੇ ਖੇਤਰ ਵਿਚ ਕੰਮ ਲੱਭਦੇ ਫਿਰਦੇ ਹਨ" ਭਾਵੇਂ ਕਿ ਮੋਦੀ ਰਾਜ ਦੇ ਪਿਛਲੇ ਦਸ ਸਾਲਾਂ ਦੌਰਾਨ ਦੇਸ਼ ਦੇ ਅੱਤ ਗਰੀਬ ਲੋਕਾਂ ਦੀ ਗਿਣਤੀ ਵਿਚ ਕਮੀ ਆਈ ਹੈ, ਪਰ ਆਮਦਨ ਵਿਚਲਾ ਪਾੜਾ ਬਹੁਤ ਚੌੜਾ ਹੋ ਗਿਆ ਹੈ, ਇੱਥੋਂ ਤੱਕ ਕਿ ਪਿਛਲੇ ਸਾਲ ਨਵੰਬਰ ਵਿਚ ਸਰਕਾਰ ਨੇ ਅਗਲੇ ਪੰਜ ਸਾਲਾਂ ਲਈ 80 ਕਰੋੜ ਲੋਕਾਂ ਨੂੰ ਮੁਫਤ ਰਾਸ਼ਨ ਦੇਣ ਦਾ ਐਲਾਨ ਕੀਤਾ ਹੈ। 2023 ਵਿਚ ਡਲੋਬਲ ਹੰਗਰ ਇੰਡੈਕਸ ਵਿਚ ਦੁਨੀਆ ਦੇ 126 ਦੇਸ਼ਾਂ ਵਿੱਚੋਂ ਭਾਰਤ ਦਾ ਸਥਾਨ 111ਵਾਂ ਹੈ, ਜਦ ਕਿ ਪਾਕਿਸਤਾਨ 102 , ਬੰਗਲਾਦੇਸ਼ 81, ਨੇਪਾਲ 69, ਸ੍ਰੀਲੰਕਾ 60ਵੇਂ ਸਥਾਨ 'ਤੇ ਹੈ । ਹਾਲਾਤ ਮਜਬੂਰ ਕਰਦੇ ਹਨ ਕਿ ਅਸੀਂ ਹੰਕਾਰ ਤਿਆਗ ਕੇ ਆਪਣੇ ਅੰਦਰ ਵੱਲ ਝਾਤੀ ਮਾਰੀਏ। ਨਵੀਂ ਦਿੱਲੀ ਨੂੰ ਸੰਯੁਕਤ ਰਾਸ਼ਟਰ ਵਲੋਂ ਜਾਰੀ ਨਵੀਨਤਮ ਮਾਨਵੀ ਵਿਕਾਸ ਇੰਡੈਕਸ ਨੂੰ ਵਿਚਾਰਨਾ ਚਾਹੀਦਾ ਹੈ, ਜਿਸ ਵਿਚ ਸ੍ਰੀਲੰਕਾ, ਮਾਲਡੀਵਜ਼, ਭੂਟਾਨ, ਬੰਗਲਾਦੇਸ਼ ਬੇਹਤਰ ਸਥਿਤੀ ਵਿਚ ਹਨ ਤੇ ਨੇਪਾਲ, ਉੱਤਰ ਪ੍ਰਦੇਸ਼ ਤੇ ਬਿਹਾਰ ਵਰਗੇ ਮਹਾਂ-ਰਾਜਾਂ ਤੋਂ ਉੱਪਰ ਹੈ । ਸਮਾਜਿਕ ਤੌਰ 'ਤੇ ਸਥਿਰ ਤੇ ਗਤੀਸ਼ੀਲ ਅਰਥਚਾਰੇ ਵਾਲਾ ਭਾਰਤ ਆਪਣੇ ਸਾਰੇ ਗਵਾਂਢੀ ਦੇਸ਼ਾਂ ਦੇ ਲਈ ਵਰਦਾਨ ਹੈ ਅਤੇ ਭਾਰਤ ਦੇ ਆਪਣੇ ਵਿਕਾਸ ਦੇ ਲਈ ਜ਼ਰੂਰੀ ਹੈ ਕਿ ਸਾਰੇ ਦੱਖਣੀ ਏਸ਼ੀਆ ਵਿਚ ਭੈਅ-ਮੁਕਤ ਵਪਾਰਕ ਹਾਲਾਤ ਹੋਣ ।

ਭਾਰਤ ਦੂਰ-ਦੁਰਾਡੇ ਚੀਨ ਦੇ ਇਲਾਕਿਆਂ ਵਿਚ ਮੰਡੀਆਂ ਤਲਾਸ਼ ਰਿਹਾ ਹੈ, ਜਦ ਕਿ ਆਪਣੀ ਪਾਕਿਸਤਾਨ ਨਾਲ ਲੱਗਦੀ ਵਾਘਾ-ਅਟਾਰੀ ਵਪਾਰਕ ਸਰਹੱਦ 'ਤੇ ਮੌਤ ਵਰਗਾ ਸੰਨਾਟਾ ਹੈ, ਜਿਵੇਂ ਗੀਝਾਂ ਨਾਲ ਉਸਾਰੇ ਬਾਜ਼ਾਰ ਨੂੰ ਉਜਾੜ ਦਿੱਤਾ ਗਿਆ ਹੋਵੇ । ਭਾਰਤ ਦਾ ਆਰਥਿਕ ਵਿਕਾਸ ਬਹੁਤ ਤੇਜ਼ ਹੋ ਸਕਦਾ ਹੈ ਜੇ ਸਰਹੱਦਾਂ ਨੂੰ ਤਣਾਅ-ਮੁਕਤ ਕੀਤਾ ਜਾਵੇ, ਸਮਾਜਿਕ ਤੇ ਵਪਾਰਕ ਦੋਸਤਾਨਾ ਮਾਹੌਲ ਤਿਆਰ ਕੀਤਾ ਜਾਵੇ, ਪਰ ਰਾਸ਼ਟਰਵਾਦ ਦੇ ਗੁਮਾਨ ਨਾਲ ਲੋਕਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਪ੍ਰਗਤੀਸ਼ੀਲਤਾ ਦਾ ਵਿਨਾਸ਼ ਕੀਤਾ ਜਾ ਰਿਹਾ ਹੈ । ਜੇ ਜਨ-ਸਮੂਹ ਦੀ ਰਚਨਾਤਮਿਕਤਾ ਦਾ ਇਸੇ ਤਰ੍ਹਾਂ ਵਿਨਾਸ ਜਾਰੀ ਰਿਹਾ ਤਾਂ ਇੱਕ ਸੌ ਚਾਲੀ ਕਰੋੜ ਲੋਕਾਂ ਦਾ ਇਹ ਭਾਰਤ ਦੁਨੀਆ ਦੀ ਚੀਨ ਵਰਗੀ ਉਦਯੋਗਿਕ ਮਹਾਂ-ਸ਼ਕਤੀ ਬਨਣ ਦੀ ਬਜਾਏ ਪੱਛਮੀ ਕਾਰਪੋਰੇਟਰਾਂ ਦੀ ਮਹਾਂ-ਮੰਡੀ ਬਣ ਕੇ ਰਹਿ ਜਾਵੇਗਾ । 2014 ਵਿਚ ਸਾਰਕ ਦੇਸ਼ਾਂ ਦੀ ਹੋਈ ਕਾਨਫਰੰਸ ਵਿਚ ਬੋਲਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਦੁਨੀਆ ਦੇ ਕੁਲ ਵਪਾਰ ਦਾ ਪੰਜ ਪ੍ਰਤੀਸ਼ਤ ਦੱਖਣੀ ਏਸ਼ੀਆ ਦੇ ਦੇਸ਼ਾਂ ਦੇ ਦਰਮਿਆਨ ਹੋ ਰਿਹਾ ਹੈ। ਇੱਕ ਪੰਜਾਬ ਤੋਂ ਚੱਲ ਕੇ ਵਪਾਰਕ ਵਸਤਾਂ ਦੂਸਰੇ ਪੰਜਾਬ ਵਿਚ ਦਿੱਲੀ, ਮੁੰਬਈ , ਛੱਬਈ ਕਰਾਚੀ ਤੋਂ ਹੋ ਕੇ ਪਹੁੰਚਦੀਆਂ ਹਨ। ਯਾਤਰਾ ਗਿਆਰਾਂ ਗੁਣਾ ਲੰਬੀ ਹੋ ਜਾਂਦੀ ਹੈ । ਸਾਨੂੰ ਉਤਪਾਦਕ ਤੇ ਖਪਤਕਾਰ ਦੇ ਵਿਚਕਾਰ ਦੀ ਇਹ ਦੂਰੀ ਖਤਮ ਕਰਨੀ ਚਾਹੀਦੀ ਹੈ, ਵਪਾਰ ਸਿੱਧੇ ਰਸਤੇ ਹੋਣਾ ਚਾਹੀਦਾ ਹੈ । ਮੈਂ ਜਾਣਦਾ ਹਾਂ ਕਿ ਭਾਰਤ ਨੂੰ ਪਹਿਲ ਕਰਨੀ ਹੋਵੇਗੀ ਅਤੇ ਅਸੀਂ ਆਪਣੀ ਭੂਮਿਕਾ ਅਦਾ ਕਰਾਂਗੇ।

ਦੱਖਣੀ ਏਸ਼ੀਆ ਦੀ ਸਰਦਾਰੀ

ਭਾਰਤ ਇੱਕ ਮੱਧ ਦਰਜੇ ਦੀ ਸ਼ਕਤੀ ਹੈ, ਜਿਸ ਦਾ ਨਿਸ਼ਾਨਾ ਵਿਸ਼ਵ ਸ਼ਕਤੀ ਬਨਣਾ ਹੈ, ਪਰ ਅਜੇ ਇਸ ਦੀ ਪਹਿਲਕਦਮੀ ਦੱਖਣੀ ਏਸ਼ੀਆ ਉਪ-ਮਹਾਂਦੀਪ ਤੱਕ ਸੀਮਤ ਹੈ। ਭਾਰਤ ਦੀ ਮੰਨੀ ਜਾਂਦੀ ਭੂਗੋਲਿਕ-ਰਾਜਨੀਤਕ ਸ਼ਕਤੀ ਦਾ ਆਧਾਰ ਸਮਾਜਿਕ-ਆਰਥਿਕ ਤਾਕਤ ਨਹੀਂ ਹੈ, ਸਗੋਂ ਇੱਕ-ਚੀਨ ਦਾ ਉਭਾਰ, ਜਿਸ ਕਾਰਨ ਪੱਛਮ ਭਾਰਤ ਵੱਲ ਉਲਰਿਆ ਹੈ, ਦੂਸਰਾ ਇਸ ਆਬਾਦੀ ਦਾ ਆਕਾਰ ਜੋ ਇਸ ਨੂੰ ਵੱਡੇ ਬਾਜ਼ਾਰ ਦੀ ਖਿੱਚ ਬਖਸ਼ਦਾ ਹੈ। ਢਾਕਾ, ਇਸਲਾਮਾਬਾਦ, ਕੋਲੰਬੋ , ਕਾਠਮੰਡੂ ਵਿਚ ਬੈਠੇ ਚਿੰਤਕ ਇਹ ਜਾਣਦੇ ਹਨ ਕਿ ਇਸ ਦੀ ਵਿਸ਼ਵ ਸ਼ਕਤੀ ਬਨਣ ਦੀ ਤਮੰਨਾ ਹੈ, ਪਰ ਇਹ ਮਨਸੂਬੇ ਪੂਰੇ ਕਰਨ ਦੇ ਲਈ ਜ਼ਰੂਰੀ ਅਰਥਚਾਰਾ ਅਤੇ ਫੌਜੀ ਭੂਗੋਲਿਕ ਕੂਟਨੀਤੀ ਦੀ ਮੁਹਾਰਤ ਨਹੀਂ ਹੈ। ਇਸ ਵਕਤ ਵਿਸ਼ਵ ਸ਼ਕਤੀਆਂ ਦੀ ਵਿਉਂਤਬੰਦੀ ਵਿਚ ਭਾਰਤ ਦਾ ਉੱਚ ਸਥਾਨ ਮੋਦੀ ਦੀ ਸੋਚਣੀ ਸਦਕਾ ਹੈ, ਜਿਵੇਂ ਕਿ ਜ਼ੀ-20 ਦੇਸ਼ਾਂ ਦੇ ਸਿਖਰ ਸੰਮੇਲਨ ਦੌਰਾਨ ਉਸ ਨੇ "ਭਾਰਤ ਆ ਗਿਆ ਹੈ" ਕਰਕੇ ਪੇਸ਼ ਕੀਤਾ। ਯੂਰਪੀ ਦੇਸ਼ਾਂ ਦੇ ਨੇਤਾ ਭਾਰਤ ਦੇ ਚੱਕਰ ਲਗਾ ਰਹੇ ਹਨ, ਪਰ ਉਨ੍ਹਾਂ ਦਾ ਮੁੱਖ ਮੰਤਵ ਆਪਣੇ ਹਥਿਆਰ, ਪਾਵਰ ਪਲਾਂਟ ਤੇ ਹੋਰ ਸਾਜ਼ੋ-ਸਾਮਾਨ ਵੇਚਣਾ ਹੁੰਦਾ ਹੈ। ਉਸਤੱਤ ਭਰਪੂਰ ਭਾਸ਼ਨਾਂ ਤੇ ਕਾਗਜ਼ੀ ਜ਼ੱਫੀਆਂ ਪਾ ਕੇ ਫਾਇਦੇਮੰਦ ਸੌਦੇ, ਬਿਨਾਂ ਤਕਨੀਕੀ ਤੇ ਦਿਮਾਗੀ ਅਧਿਕਾਰ ਦਿੱਤਿਆਂ, ਸਿਰੇ ਚੜ੍ਹ ਜਾਂਦੇ ਹਨ। ਨਿਲੰਜਨ ਮੁਖਉਪਦਿਏਏ ਨੇ 12 ਅਪ੍ਰੈਲ ਦੀ ਵਾਇਰ ਵਿਚ ਲਿਖਿਆ ਹੈ, "ਭਾਰਤੀ ਬਾਜ਼ਾਰ ਦੀਆਂ ਕੁੰਜੀਆਂ ਮੋਦੀ ਹੱਥ ਹੋਣ ਸਦਕਾ ਮੋਦੀ ਇੱਕ ਸਲਾਹੁਣਯੋਗ ਸ਼ਖਸੀਅਤ ਹੈ" ।'ਟੂ ਕਿਲ ਏ ਡੈਮੋਕਰੇਸੀ' ਦਾ ਲੇਖਕ ਦੇਬਾਸ਼ੀਸ਼ ਰਾਏ ਚੌਧਰੀ ਲਿਖਦਾ ਹੈ, 'ਸੁਨਹਿਰੀ ਯੁੱਗ ਆ ਰਿਹਾ ਹੈ-ਇਹੀ ਕੁਝ ਮੋਦੀ ਦੇ ਪੱਲੇ"। ਗਵਾਂਢ ਦੀਆਂ ਰਾਜਧਾਨੀਆਂ ਵਿਚ ਬੈਠੇ ਚਿੰਤਕ ਅਗਨੀਵੀਰ ਵਰਗੀਆਂ ਸਕੀਮਾਂ ਬਾਰੇ ਵੀ ਸਾਵਧਾਨ ਹਨ, ਜੋ ਭਾਰਤੀ ਫੌਜ ਨੂੰ ਕਮਜ਼ੋਰ ਕਰਦੀਆਂ ਹਨ ਅਤੇ ਇਸ ਪ੍ਰਤੀ ਵੀ ਕਿ ਅਜਿਹੀਆਂ ਸਕੀਮਾਂ ਲਾਗੂ ਕਰਨ ਵੇਲੇ ਫੌਜੀ ਕਮਾਂਡਰਾਂ ਦੀ ਸਲਾਹ ਵੀ ਨਹੀਂ ਲਈ ਜਾਂਦੀ। ਅਗਨੀਪੱਥ ਸਕੀਮ ਨਾਲ ਸੁਨਿਸ਼ਚਤ ਕਰ ਦਿੱਤਾ ਗਿਆ ਹੈ ਕਿ ਪੰਝੱਤਰ ਪ੍ਰਤੀਸ਼ਤ ਜਵਾਨਾਂ ਦੀ ਚਾਰ ਸਾਲ ਦੀ ਨੌਕਰੀ ਤੋਂ ਬਾਅਦ ਛੁੱਟੀ ਕਰ ਦਿੱਤੀ ਜਾਵੇਗੀ ਅਤੇ ਲੋਕ ਜਾਣਦੇ ਹਨ ਇਸ ਦਾ ਮਕਸਦ ਫੌਜ ਨੂੰ ਆਧੁਨਿਕ ਬਣਾਉਣਾ ਨਹੀਂ, ਸਗੋਂ ਪੈਨਸ਼ਨ ਆਦਿ ਦੇ ਖਰਚੇ ਘਟਾਉਣਾ ਹੈ । ਭਾਰਤ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਿਚ ਸੀਟ ਪ੍ਰਾਪਤ ਕਰਨ ਦਾ ਚਾਹਵਾਨ ਹੈ ਕੋਈ ਸ਼ੱਕ ਨਹੀਂ ਕਿ ਕੌਂਸਲ ਦਾ ਪੁਨਰਗਠਨ ਹੋਣਾ ਜ਼ਰੂਰੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਬਰਾਜ਼ੀਲ, ਦੱਖਣੀ ਅਫਰੀਕਾ, ਇੰਡੋਨੇਸ਼ੀਆ, ਇਰਾਨ ਆਦਿ ਦੇਸ਼ਾਂ ਦੀ ਸਹਿਮਤੀ ਤਾਂ ਜ਼ਰੂਰੀ ਹੈ ਹੀ, ਪਰ ਨਾਲ ਹੀ ਦੱਖਣੀ ਏਸ਼ੀਆ ਖਾਸ ਕਰ ਪਾਕਿਸਤਾਨ ਦੀ ਸਹਿਮਤੀ ਵੀ ਲੋੜੀਂਦੀ ਹੈ -ਭਾਰਤ ਦਖਣੀ ਏਸ਼ੀਆ ਉਪ-ਮਹਾਂਦੀਪ ਵਿਚ ਸਥਾਈ ਅਮਨ ਬਹਾਲੀ ਤੋਂ ਬਿਨਾਂ ਸੁਰੱਖਿਆ ਕੌਂਸਲ ਦੀ ਸਥਾਈ ਸੀਟ ਹਾਸਲ ਨਹੀਂ ਕਰ ਸਕਦਾ, ਇਹਦੇ ਲਈ ਜ਼ਰੂਰੀ ਹੈ ਕਿ ਇਹ ਬਾਹੂਬਲੀ ਵਾਲਾ ਰਵੱਈਆ ਤਿਆਗੇ। ਜਿੱਥੋਂ ਤੱਕ ਦੱਖਣੀ ਏਸ਼ੀਆ ਵਿਚ ਆਪਸੀ ਮਿਲਵਰਤਨ ਦਾ ਸਵਾਲ ਹੈ, ਮੋਦੀ ਦੇ ਕਾਰਨ ਹੀ ਸਾਰਕ ਦੇਸ਼ਾਂ ਦੀ ਜਥੇਬੰਦੀ ਠੰਢੇ ਬਸਤੇ ਵਿਚ ਪਈ ਹੋਈ ਹੈ । 2014 ਦੀ ਕਾਠਮੰਡੂ ਦੀ ਕਾਨਫਰੰਸ ਦੌਰਾਨ ਮੋਦੀ ਨੇ ਸਾਰਾ ਦੋਸ਼ ਪਾਕਿਸਤਾਨ ਦੇ ਸਿਰ ਮੜ੍ਹ ਦਿੱਤਾ ਸੀ । ਬੀਤੇ ਦਹਾਕੇ ਦੌਰਾਨ ਨਵੀਂ ਦਿੱਲੀ ਨੇ ਬਿਮਸਟੈਕ ਵਰਗੇ ਕਈ ਖੇਤਰੀ ਦੇਸ਼ਾਂ ਦੇ ਗਠਜੋੜਾਂ ਪ੍ਰਤੀ ਕਾਫੀ ਤਾਕਤ ਅਰਪਿਤ ਕੀਤੀ ਹੈ, ਪਰ ਕੀ ਨਵੀਂ ਦਿੱਲੀ ਨੂੰ ਇਹ ਮਹਿਸੂਸ ਨਹੀਂ ਹੋ ਰਿਹਾ ਕਿ ਸਾਰਕ ਦਾ ਕੋਈ ਬਦਲ ਨਹੀਂ ਹੈ ਅਤੇ ਕੀ ਇਹ ਭਾਰਤ ਦੀ ਆਪਣੀ ਵਿਸ਼ਵ ਸ਼ਕਤੀ ਦੀ ਖਾਹਿਸ਼ ਦੇ ਲਈ ਵੀ

14-MAY-PAGE-5.qxd 5/13/2024 10:41 PM Page 1

ਮੁਸ਼ਕਾਬਾਦ ਬਾਇਓ ਗੈਸ ਪਲਾਂਟ ਦੇ ਵਿਰੋਧ 'ਚ ਟਰੈਕਟਰ ਮਾਰਚ

■ ਜੇਕਰ ਸਾਰ ਨਾ ਲਈ ਤਾਂ ਈ ਵੀ ਐੱਮ ਆਉਣਗੀਆਂ ਖਾਲੀ : ਆਗੂ

ਫੈਕਟਰੀ ਨੂੰ ਬੰਦ ਕਰਾਉਣ ਲਈ ਕੱਢੇ ਟਰੈਕਟਰ ਤੇ ਪੈਦਲ ਮਾਰਚ ਵਿੱਚ ਸ਼ਾਮਲ ਲੋਕਾਂ ਦਾ ਠਾਠਾਂ ਮਾਰਦਾ ਇਕੱਠ

ਸਮਰਾਲਾ (ਸੁਰਜੀਤ ਸਿੰਘ)

ਮੁਸ਼ਕਾਬਾਦ ਪਿੰਡ ਵਿੱਚ ਲੱਗ ਰਹੀ ਬਾਇਓ ਗੈਸ ਫੈਕਟਰੀ ਅੱਗੇ ਲੱਗਿਆ ਧਰਨਾ 10ਵੇਂ ਦਿਨ ਵੀ ਜਾਰੀ ਰਿਹਾ।ਇਸ ਸਬੰਧੀ ਸੰਘਰਸ਼ ਕਮੇਟੀ ਦੁਆਰਾ ਪਿੰਡ ਖੀਰਨੀਆਂ ਤੋਂ ਐੱਸ. ਡੀ. ਐੱਮ. ਦਫਤਰ ਸਮਰਾਲਾ ਤੱਕ ਟਰੈਕਟਰ ਮਾਰਚ ਕਰਨ ਦੇ ਦਿੱਤੇ ਸੱਦੇ 'ਤੇ ਅਮਲ ਕਰਦਿਆਂ ਆਲੇ ਦੁਆਲੇ ਦੇ ਪਿੰਡਾਂ ਦੇ ਵਸਨੀਕਾਂ, ਵੱਖ ਵੱਖ ਸਮਾਜਿਕ, ਕਿਸਾਨ, ਮਜ਼ਦੂਰ ਜਥੇਬੰਦੀਆਂ ਨੇ ਸਵੇਰੇ 10 ਵਜੇ ਰੋਸ ਮਾਰਚ ਅਰੰਭ ਕੀਤਾ।ਇਹ ਰੋਸ ਮਾਰਚ ਖੀਰਨੀਆਂ, ਸਿਹਾਲਾ, ਗਹਿਲੇਵਾਲ, ਬੌਂਦਲੀ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਸਮਰਾਲਾ ਵਿਖੇ ਪੁੱਜਾ, ਜਿੱਥੋਂ ਹਜ਼ਾਰਾਂ ਦੀ ਗਿਣਤੀ ਵਿੱਚ ਔਰਤਾਂ, ਮਰਦਾਂ ਨੇ ਪੈਦਲ ਮਾਰਚ ਸ਼ੁਰੂ ਕੀਤਾ। ਇਹ ਦੋ ਕਿਲੋਮੀਟਰ ਲੰਬਾ ਕਾਫਲਾ ਸਮਰਾਲਾ ਦੇ ਮੁੱਖ ਬਜ਼ਾਰ ਰਾਹੀਂ ਹੁੰਦਾ ਹੋਇਆ ਐੱਸ. ਡੀ. ਐੱਮ. ਦਫਤਰ ਅੱਗੇ ਪੁੱਜਾ, ਜਿੱਥੇ ਧਰਨਾਕਾਰੀਆਂ ਨੇ ਐੱਸ. ਡੀ. ਐੱਮ. ਦਫਤਰ ਅੱਗੇ ਰੋਡ ਉੱਤੇ ਜਾਮ ਲਗਾ ਸਮਰਾਲਾ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ।ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਵਿੱਚ ਸਮਰਾਲਾ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਹੁਣ ਇਹ ਲੜਾਈ ਕੇਵਲ ਫੈਕਟਰੀ ਦੀ ਨਹੀਂ, ਬਲਕਿ ਪੰਜਾਬ ਦੇ ਭਵਿੱਖ ਦੀ ਵੀ ਹੈ, ਜੇਕਰ ਇਹ ਫੈਕਟਰੀ ਚਾਲੂ ਹੋ ਜਾਂਦੀ ਹੈ, ਇਸ ਨਾਲ ਮੁਸ਼ਕਾਬਾਦ ਨਾਲ ਲੱਗਦੇ ਪਿੰਡਾਂ ਦਾ ਵੀ ਵਾਤਾਵਰਣ ਖਰਾਬ ਹੋ ਜਾਵੇਗਾ ਤੇ ਆਮ ਲੋਕਾਂ ਦਾ ਰਹਿਣਾ ਮੁਸ਼ਕਲ ਹੋ ਜਾਵੇਗਾ, ਆਮ ਲੋਕ ਖਤਰਨਾਕ ਬਿਮਾਰੀਆਂ ਦੀ ਲਪੇਟ ਵਿੱਚ ਆ ਜਾਣਗੇ।ਇਨ੍ਹਾਂ ਸਾਰੀਆਂ ਗੱਲਾਂ ਤੋਂ ਬੇਖਬਰ ਪੰਜਾਬ ਸਰਕਾਰ ਤੇ ਸਮਰਾਲਾ ਪ੍ਰਸ਼ਾਸਨ ਚੁੱਪ ਵੱਟੀ ਬੈਠਾ ਹੈ।ਇੱਕ ਜੂਨ ਨੂੰ ਪੈਣ ਵਾਲੀਆਂ ਲੋਕ ਸਭਾ ਚੋਣਾਂ ਦਾ ਮੁਸ਼ਕਾਬਾਦ ਪਿੰਡ ਪੂਰੀ ਤਰ੍ਹਾਂ ਮੁਕੰਮਲ ਬਾਈਕਾਟ ਕਰੀ ਬੈਠਾ ਹੈ, ਉਨ੍ਹਾਂ ਸਮਰਾਲਾ ਤਹਿਸੀਲ ਦੇ ਸਮੂਹ ਪਿੰਡਾਂ ਦੇ ਵਸਨੀਕਾਂ ਨੂੰ ਵੀ ਅਪੀਲ ਕੀਤੀ ਕਿ ਜੇ ਉਨ੍ਹਾਂ ਨੇ ਆਪਣੇ ਬੱਚਿਆਂ ਦਾ ਭਵਿੱਖ ਬਚਾਉਣਾ ਹੈ ਤਾਂ ਉਹ ਵੀ ਇਨ੍ਹਾਂ ਲੋਕ ਸਭਾ ਚੋਣਾਂ ਦਾ ਮੁਕੰਮਲ ਬਾਈਕਾਟ ਕਰਕੇ ਵੋਟਾਂ ਵਾਲੀਆਂ ਮਸ਼ੀਨਾਂ ਦੇ ਬਕਸੇ ਖਾਲੀ ਭੇਜਣ ਤਾਂ ਜੋ ਇਨ੍ਹਾਂ ਸਿਆਸੀ ਨੇਤਾਵਾਂ ਦੀਆਂ ਅੱਖਾਂ ਖੁੱਲ੍ਹ ਸਕਣ ਕਿ ਅਸੀਂ ਲੋਕ ਉਨ੍ਹਾਂ ਦੇ ਇਸ਼ਾਰਿਆਂ 'ਤੇ ਚੱਲਣ ਵਾਲੀਆਂ ਕਠਪੁੱਤਲੀਆਂ ਨਹੀਂ, ਬਲਕਿ ਇੱਕ ਲੋਕਤੰਤਰੀ ਦੇਸ਼ ਦੇ ਵਸ਼ਿੰਦੇ ਹਾਂ। ਧਰਨੇ ਉਪਰੰਤ ਧਰਨਾਕਾਰੀਆਂ ਨੇ ਐੱਸ. ਡੀ. ਐੱਮ. ਸਮਰਾਲਾ ਨੂੰ ਮੰਗ ਪੱਤਰ ਦਿੰਦੇ ਹੋਏ ਇਹ ਬਾਇਓ ਗੈਸ ਫੈਕਟਰੀ ਬੰਦ ਕਰਨ ਸਬੰਧੀ ਅਪੀਲ ਕੀਤੀ।ਅੱਜ ਦੇ ਵਿਸ਼ਾਲ ਰੋਸ ਧਰਨੇ ਵਿੱਚ ਵੱਖ ਵੱਖ ਕਿਸਾਨ, ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਬੀ. ਕੇ. ਯੂ. (ਲੱਖੋਵਾਲ), ਬੀ. ਕੇ. ਯੂ. (ਰਾਜੇਵਾਲ), ਬੀ. ਕੇ. ਯੂ. (ਸਿੱਧੂਪੁਰ), ਬੀ. ਕੇ. ਯੂ. (ਦੋਆਬਾ), ਬੀ. ਕੇ. ਯੂ. (ਸ਼ੇਰੋ ਪੰਜਾਬ), ਬੀ. ਕੇ. ਯੂ. (ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ), ਭ੍ਰਿਸ਼ਟਾਚਾਰ ਵਿਰੋਧੀ ਫਰੰਟ ਸਮਰਾਲਾ, ਕਿਸਾਨ ਜਮਹੂਰੀ ਸਭਾ, ਬੀ. ਕੇ. ਯੂ. (ਏਕਤਾ ਉਗਰਾਹਾਂ), ਜਮਹੂਰੀ ਕਿਸਾਨ ਸਭਾ ਪੰਜਾਬ ਆਦਿ ਤੋਂ ਇਲਾਵਾ ਇਨ੍ਹਾਂ ਕਿਸਾਨ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ, ਮਜ਼ਦੂਰਾਂ, ਵਰਕਰਾਂ ਤੋਂ ਇਲਾਵਾ ਇਲਾਕੇ ਵੱਖ ਵੱਖ ਪਿੰਡਾਂ ਦੇ ਸਰਪੰਚਾਂ, ਪੰਚਾਂ, ਨੰਬਰਦਾਰਾਂ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।ਧਰਨੇ ਉਪਰੰਤ ਸੰਘਰਸ਼ ਕਮੇਟੀ ਵੱਲੋਂ ਆਲੇ ਦੁਆਲੇ ਦੇ ਪਿੰਡਾਂ ਦੇ ਪੰਚਾਂ, ਸਰਪੰਚਾਂ ਤੇ ਨੇਤਾਵਾਂ ਤੋਂ ਇਲਾਵਾ ਪਿੰਡ ਖੀਰਨੀਆਂ, ਮੁਸ਼ਕਾਬਾਦ, ਸਿਹਾਲਾ, ਗਹਿਲੇਵਾਲ, ਬੌਂਦਲੀ, ਹੇੜੀਆਂ, ਹਰਿਓਂ ਕਲਾਂ, ਹਰਿਓਂ ਖੁਰਦ ਦੀਆਂ ਸਮੂਹ ਪੰਚਾਇਤਾਂ ਤੇ ਨਗਰ ਨਿਵਾਸੀਆਂ ਦਾ ਧੰਨਵਾਦ ਕੀਤਾ ਗਿਆ। ।

ਪੰਜਾਬ ਇਸਤਰੀ ਸਭਾ ਵੱਲੋਂ ਕਾਮਰੇਡ ਗੁਰਚਰਨ ਸਿੰਘ ਮਾਨ ਦੀ ਹਮਾਇਤ ਦਾ ਫੈਸਲਾ

ਫਰੀਦਕੋਟ/ਕੋਟਕਪੂਰਾ (ਗੁਰਪ੍ਰੀਤ ਸਿੰਘ ਬੇਦੀ/ਰਛਪਾਲ ਭੁੱਲਰ)-ਪੰਜਾਬ ਇਸਤਰੀ ਸਭਾ ਜ਼ਿਲ੍ਹਾ ਫ਼ਰੀਦਕੋਟ ਦੀ ਜ਼ਿਲ੍ਹਾ ਕੌਂਸਲ ਦੀ ਇੱਕ ਮੀਟਿੰਗ ਸਥਾਨਕ ਸ਼ਹੀਦ ਕਾਮਰੇਡ ਅਮੋਲਕ ਸਿੰਘ ਭਵਨ ਵਿਖੇ ਜ਼ਿਲ੍ਹਾ ਪ੍ਰਧਾਨ ਮਨਜੀਤ ਕੌਰ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੇ ਸ਼ੁਰੂ ਵਿੱਚ ਪੰਜਾਬੀ ਦੇ ਨਾਮਵਰ ਸ਼ਾਇਰ ਸੁਰਜੀਤ ਪਾਤਰ ਦੇ ਪਿਛਲੇ ਦਿਨੀਂ ਅਚਨਚੇਤ ਸਦੀਵੀ ਵਿਛੋੜਾ ਦੇ ਜਾਣ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਇਸ ਮੀਟਿੰਗ ਵਿੱਚ ਜਥੇਬੰਦੀ ਦੇ ਸੂਬਾ ਸਕੱਤਰ ਨਰਿੰਦਰ ਸੋਹਲ ਵਿਸ਼ੇਸ਼ ਤੌਰ 'ਤੇ ਪਹੁੰਚੇ।ਜ਼ਿਲ੍ਹਾ ਸਕੱਤਰ ਸ਼ਸ਼ੀ ਸ਼ਰਮਾ ਨੇ ਪਿਛਲੇ ਕੰਮਾਂ ਦੀ ਰਿਪੋਰਟਿੰਗ ਕਰਦਿਆਂ ਅਗਲੇ ਸਮੇਂ ਦੌਰਾਨ ਕੀਤੇ ਜਾਣ ਵਾਲੇ ਕੰਮਾਂ ਦੀ ਜਾਣਕਾਰੀ ਸਾਂਝੀ ਕੀਤੀ।ਇਸ ਮੌਕੇ ਸੰਬੋਧਨ ਕਰਦਿਆਂ ਪੰਜਾਬ ਇਸਤਰੀ ਸਭਾ ਦੇ ਸੂਬਾਈ ਸਕੱਤਰ ਨਰਿੰਦਰ ਸੋਹਲ ਨੇ ਕੌਮਾਂਤਰੀ ਮਾਂ ਦਿਵਸ ਤੇ ਕੌਮਾਂਤਰੀ ਨਰਸਿਜ਼ ਦਿਵਸ ਦੇ ਇਤਿਹਾਸ ਬਾਰੇ ਚਾਨਣਾ ਪਾਇਆ।ਉਨ੍ਹਾਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਇਸਤਰੀ ਸਭਾ ਦੀ ਭੂਮਿਕਾ ਬਾਰੇ ਗੱਲਬਾਤ ਕੀਤੀ।

ਉਨ੍ਹਾਂ ਕੇਂਦਰੀ ਹੁਕਮਰਾਨ ਭਾਜਪਾ ਦੇ ਰਾਜ ਵਿੱਚ ਔਰਤ ਵਰਗ ਦੇ ਕੀਤੇ ਗਏ ਅਪਮਾਨ ਦੀ ਵਿਸਥਾਰ ਸਹਿਤ ਚਰਚਾ ਕੀਤੀ ਤੇ ਭਾਜਪਾ ਉਮੀਦਵਾਰਾਂ ਨੂੰ ਹਰਾਉਣ ਅਤੇ ਜਮਹੂਰੀ ਲਹਿਰ ਦੇ ਹਾਮੀ ਖੱਬੇ ਪੱਖੀ ਉਮੀਦਵਾਰਾਂ ਤੇ ਵਿਸ਼ੇਸ਼ ਤੌਰ 'ਤੇ ਫਰੀਦਕੋਟ ਲੋਕ ਸਭਾ ਹਲਕੇ ਤੋਂ ਉਮੀਦਵਾਰ ਕਾਮਰੇਡ ਗੁਰਚਰਨ ਸਿੰਘ ਮਾਨ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਕਾਮਯਾਬ ਕਰਨ ਦਾ ਸੱਦਾ ਦਿੱਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬੀਬੀ ਸ਼ੀਲਾ ਮਨਚੰਦਾ, ਸੁਰਕਸ਼ਾ ਕਟਾਰੀਆ, ਗੁਰਮੀਤ ਕੌਰ, ਮਲਕੀਤ ਕੌਰ, ਕੁਲਦੀਪ ਕੌਰ ਕਮਲਪ੍ਰੀਤ, ਬਲਜਿੰਦਰ ਕੌਰ, ਸੁਰਿੰਦਰ ਭੂਈ, ਰਵਿੰਦਰ ਪਾਲ ਵੰਸ਼ਵਾਦ, ਰੁਪਿੰਦਰ ਔਲਖ, ਨਵਜੀਤ ਔਲਖ ਤੇ ਰਮਨ ਬਰਾੜ ਆਦਿ ਸ਼ਾਮਲ ਸਨ।

ਸੜਕ ਹਾਦਸੇ 'ਚ ਇਨੋਵਾ ਸਵਾਰ ਪਤੀ-ਪਤਨੀ ਦੀ ਮੌਤ, ਸੱਤ ਜ਼ਖਮੀ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਪਿੰਡ ਨਲੀਨੀ ਨਜ਼ਦੀਕ ਇੱਕ ਇਨੋਵਾ ਗੱਡੀ ਤੇਜ਼ ਰਫਤਾਰ ਕੈਂਟਰ ਦੀ ਲਪੇਟ 'ਚ ਆ ਕੇ ਹਾਦਸੇ ਦਾ ਸ਼ਿਕਾਰ ਹੋ ਗਈ, ਜਿਸ ਕਾਰਨ ਇੱਕ ਪਤੀ-ਪਤਨੀ ਦੀ ਮੌਤ ਹੋ ਜਾਣ ਤੇ ਸੱਤ ਵਿਅਕਤੀਆਂ ਦੇ ਜ਼ਖਮੀ ਹੋ ਗਏ।ਪ੍ਰਾਪਤ ਜਾਣਕਾਰੀ ਅਨੁਸਾਰ ਸੁਖਵਿੰਦਰ ਸਿੰਘ ਵਾਸੀ ਪਿੰਡ ਨੌਲੱਖਾ ਦੇ ਲੜਕੇ ਮਨਦੀਪ ਸਿੰਘ ਦੇ ਵਿਆਹ ਦੀ ਪਾਰਟੀ 12 ਮਈ ਨੂੰ ਪਿੰਡ ਨਲੀਨੀ ਦੇ ਸਰਕਾਰੀ ਪੈਲੇਸ ਵਿੱਚ ਰੱਖੀ ਗਈ ਸੀ।ਪਾਰਟੀ ਵਿੱਚ ਸ਼ਾਮਲ ਹੋਣ ਲਈ ਲਾੜੇ ਦੀ ਮਾਤਾ ਹਰਵਿੰਦਰ ਕੌਰ ਤੇ ਰਿਸ਼ਤੇਦਾਰ ਦਲਵਾਰ ਸਿੰਘ, ਸੁਨੀਤਾ ਦੇਵੀ, ਹਰਵਿੰਦਰ ਕੌਰ, ਸੁਨੀਤਾ, ਰਣਧੀਰ ਕੌਰ, ਗੁਰਮੀਤ ਕੌਰ, ਮੀਨਾ ਦੇਵੀ, ਅਰਸ਼ਦੀਪ ਕੌਰ ਤੇ ਰਮਨਦੀਪ ਕੌਰ ਇਨੋਵਾ ਗੱਡੀ, ਜਿਸ ਨੂੰ ਬਹਾਦਰ ਸਿੰਘ ਚਲਾ ਰਿਹਾ ਸੀ, ਵਿੱਚ ਸਵਾਰ ਹੋ ਕੇ ਪਿੰਡ ਨੌਲੱਖਾ ਤੋਂ ਨਲੀਨੀ ਪੈਲੇਸ ਨੂੰ ਜਾ ਰਹੇ ਸਨ ਤਾਂ ਬੀਤੀ ਸ਼ਾਮ ਕਰੀਬ 8 ਵਜੇ ਨਿਊ ਵੈਸ਼ਨੋਂ ਫੈਮਿਲੀ ਢਾਬਾ ਕਰਾਸ ਕਰਨ ਉਪਰੰਤ ਇਨੋਵਾ ਗੱਡੀ ਜਦੋਂ ਪਿੰਡ ਨਲੀਨੀ ਵੱਲ ਨੂੰ ਮੁੜੀ ਤਾਂ ਸਰਹਿੰਦ ਸਾਈਡ ਤੋਂ ਤੇਜ਼ ਰਫਤਾਰ ਨਾਲ ਆ ਰਹੇ ਕੈਂਟਰ ਨੰਬਰੀ ਪੀ.ਬੀ.11.ਸੀ.ਆਰ-9613 ਨੇ ਇਨੋਵਾ ਗੱਡੀ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ, ਜਿਸ ਕਾਰਨ ਇਨੋਵਾ ਗੱਡੀ ਸੜਕ ਕਿਨਾਰੇ ਲੱਗੀ ਲੋਹੇ ਦੀ ਰੇਲਿੰਗ ਦੇ ਉੱਪਰ ਦੀ ਹੋ ਕੇ ਖਤਾਨਾਂ 'ਚ ਜਾ ਡਿੱਗੀ।ਇਸ ਹਾਦਸੇ ਕਾਰਨ ਇਨੋਵਾ ਗੱਡੀ 'ਚ ਸਵਾਰ ਦਲਵਾਰ ਸਿੰਘ ਤੇ ਉਸ ਦੀ ਪਤਨੀ ਸੁਨੀਤਾ ਦੇਵੀ ਵਾਸੀਆਨ ਪਿੰਡ ਅੰਬਛਪਾ (ਡੇਰਾਬਸੀ) ਦੀ ਮੌਤ ਹੋ ਗਈ, ਜਦੋਂਕਿ ਇਨੋਵਾ ਦੇ ਡਰਾਇਵਰ ਬਹਾਦਰ ਸਿੰਘ ਵਾਸੀ ਪਿੰਡ ਖਰੌੜਾ, ਹਰਵਿੰਦਰ ਕੌਰ ਵਾਸੀ ਪਿੰਡ ਨੌਲੱਖਾ, ਰਣਧੀਰ ਕੌਰ ਵਾਸੀ ਪਿੰਡ ਬਲਸੂਆ (ਪਟਿਆਲਾ), ਗੁਰਮੀਤ ਕੌਰ ਵਾਸੀ ਪਿੰਡ ਪਬਰੀ (ਪਟਿਆਲਾ), ਮੀਨਾ ਦੇਵੀ ਵਾਸੀ ਸ਼ਿਮਲਾ, ਰਮਨਦੀਪ ਕੌਰ ਤੇ ਗੁਰਪ੍ਰੀਤ ਕੌਰ ਵਾਸੀ ਪਿੰਡ ਚਣੋਂ ਦੇ ਸੱਟਾਂ ਲੱਗੀਆਂ, ਜਿਨਾਂ ਨੂੰ ਸੈਕਟਰ 32 ਹਸਪਤਾਲ ਚੰਡੀਗੜ੍ਹ ਤੇ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਦਾਖਲ ਕਰਵਾਇਆ ਗਿਆ।ਥਾਣਾ ਮੁਲੇਪੁਰ ਵਿਖੇ ਕੈਂਟਰ ਗੱਡੀ ਦੇ ਨਾਮਾਲੂਮ ਚਾਲਕ ਵਿਰੁੱਧ ਮੁਕੱਦਮਾ ਦਰਜ ਕਰਕੇ ਸਬ-ਇੰਸਪੈਕਟਰ ਬਲਵਿੰਦਰ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

ਸੜਕ ਹਾਦਸੇ 'ਚ ਮਾਰੇ ਗਏ ਪਤੀ-ਪਤਨੀ ਦਲਬਾਰ ਸਿੰਘ ਤੇ ਸੁਨੀਤਾ ਦੇਵੀ ਦੀ ਫਾਈਲ ਤਸਵੀਰ।

ਕਾਤਰਾਂ

ਗਲਤੀ ਨਾਲ ਕੀਟਨਾਸ਼ਕ ਦਵਾਈ ਪੀਣ ਨਾਲ ਖੇਤ ਮਜ਼ਦੂਰ ਦੀ ਮੌਤ

ਮਾਛੀਵਾੜਾ ਸਾਹਿਬ (ਸ਼ੌਕੀ ਸ਼ਰਮਾ, ਜਗਦੀਸ਼ ਰਾਏ)-ਨੇੜਲੇ ਪਿੰਡ ਰੱਤੀਪੁਰ ਦੇ ਵਾਸੀ ਖੇਤ ਮਜ਼ਦੂਰ ਪ੍ਰਕਾਸ਼ ਸਿੰਘ (41) ਦੀ ਗਲਤੀ ਨਾਲ ਕੀਟਨਾਸ਼ਕ ਦਵਾਈ ਦਾ ਘੋਲ ਪੀਣ ਨਾਲ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਪ੍ਰਕਾਸ਼ ਸਿੰਘ ਇੱਕ ਕਿਸਾਨ ਦੇ ਨਾਲ ਖੇਤ ਮਜ਼ਦੂਰ ਵਜੋਂ ਕੰਮ ਕਰਦਾ ਸੀ ਤੇ ਕੱਲ੍ਹ ਉਹ ਜਦੋਂ ਖੇਤਾਂ ਵਿੱਚ ਬੈਠ ਕੇ ਸ਼ਰਾਬ ਪੀ ਰਿਹਾ ਸੀ ਤਾਂ ਉਸ ਨੇ ਨੇੜੇ ਹੀ ਪਏ ਦਰੱਖਤਾਂ ਨੂੰ ਸਪਰੇਅ ਕਰਨ ਵਾਲਾ ਕੀਟਨਾਸ਼ਕ ਦਵਾਈ ਦਾ ਘੋਲ ਗਲਤੀ ਨਾਲ ਸ਼ਰਾਬ ਵਿੱਚ ਮਿਲਾ ਲਿਆ ਤੇ ਉਸ ਨੂੰ ਪੀ ਗਿਆ। ਇਹ ਕੀਟਨਾਸ਼ਕ ਘੋਲ ਪੀਣ ਨਾਲ ਉਸ ਦੀ ਹਾਲਤ ਖ਼ਰਾਬ ਹੋ ਗਈ, ਜਿਸ ਦੀ ਇਲਾਜ ਦੌਰਾਨ ਮੌਤ ਹੋ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਜਗਤਾਰ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਲਾਸ਼ ਨੂੰ ਕਬਜ਼ੇ 'ਚ ਕਰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ ਤੇ ਮ੍ਰਿਤਕ ਦੇ ਵਾਰਿਸਾਂ ਦੇ ਬਿਆਨ ਦਰਜ ਕਰ ਧਾਰਾ-174 ਦੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ।

ਘਰ 'ਚੋਂ ਗਹਿਣੇ ਤੇ ਨਕਦੀ ਚੋਰੀ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਪਿੰਡ ਝਾਮਪੁਰ ਵਿਖੇ ਇੱਕ ਘਰ 'ਚੋਂ ਗਹਿਣੇ ਤੇ ਨਕਦੀ ਚੋਰੀ ਹੋ ਜਾਣ ਦਾ ਸਮਾਚਾਰ ਹੈ। ਮਹੇਸ਼ਇੰਦਰ ਸਿੰਘ ਵਾਸੀ ਪਿੰਡ ਝਾਮਪੁਰ ਨੇ ਦੱਸਿਆ ਕਿ 10 ਮਈ ਨੂੰ ਉਹ ਤੇ ਉਸ ਦੀ ਪਤਨੀ ਕਿਸੇ ਭੋਗ ਸਮਾਗਮ 'ਤੇ ਗਏ ਸਨ ਤੇ ਉਸ ਦੇ ਬਜ਼ੁਰਗ ਪਿਤਾ ਜੋ ਕਿ ਬੀਮਾਰ ਹੋਣ ਕਾਰਨ ਜ਼ਿਆਦਾਤਰ ਮੰਜੇ 'ਤੇ ਰਹਿੰਦੇ ਹਨ, ਨੂੰ ਘਰ ਛੱਡ ਕੇ ਉਸ ਦਾ ਲੜਕਾ ਕਰਨਪ੍ਰੀਤ ਸਿੰਘ ਤੇ ਉਸ ਦੀ ਪਤਨੀ ਸਵੇਰੇ ਕਰੀਬ ਸਾਢੇ ਕੁ ਗਿਆਰਾਂ ਵਜੇ ਭਗੜਾਣਾ ਵਿਖੇ ਬੈਂਕ 'ਚ ਖਾਤਾ ਖੁੱਲ੍ਹਵਾਉਣ ਲਈ ਚਲੇ ਗਏ ਤੇ ਦੁਪਹਿਰ ਕਰੀਬ ਇੱਕ ਵਜੇ ਜਦੋਂ ਕਰਨਪ੍ਰੀਤ ਸਿੰਘ ਤੇ ਉਸ ਦੀ ਪਤਨੀ ਵਾਪਸ ਘਰ ਪਰਤੇ ਤਾਂ ਘਰ ਦੇ ਅੰਦਰ ਸਾਮਾਨ ਖਿੱਲਰਿਆ ਪਿਆ ਮਿਲਿਆ, ਜਿਸ ਨੂੰ ਚੈੱਕ ਕਰਨ 'ਤੇ ਪਤਾ ਲੱਗਾ ਕਿ ਘਰ 'ਚੋਂ ਕਰੀਬ 11 ਤੋਲੇ ਸੋਨੇ ਦੇ ਗਹਿਣੇ ਤੇ ਕਰੀਬ 1 ਲੱਖ ਰੁਪਏ ਦੀ ਨਕਦੀ ਚੋਰੀ ਹੋ ਚੁੱਕੀ ਸੀ। ਥਾਣਾ ਬ੡ਾਲੀ ਆਲਾ ਸਿੰਘ ਵਿਖੇ ਕੇਸ ਦਰਜ ਕਰਕੇ ਤਫਤੀਸ਼ ਕੀਤੀ ਜਾ ਰਹੀ ਹੈ।

ਨਜਾਇਜ਼ ਅਸਲੇ ਸਮੇਤ 2 ਕਾਬੂ, 1 ਫ਼ਰਾਰ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਪੁਲਸ ਨੇ ਦੋ ਨੌਜਵਾਨਾਂ ਨੂੰ ਨਜਾਇਜ਼ ਅਸਲੇ ਸਮੇਤ ਕਾਬੂ ਕੀਤਾ ਹੈ।ਤਫ਼ਤੀਸ਼ੀ ਅਫ਼ਸਰ ਗੁਰਜੰਟ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਕਿ ਤਿੰਨ ਨੌਜਵਾਨ ਨਜਾਇਜ਼ ਅਸਲੇ ਸਮੇਤ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇ ਸਕਦੇ ਹਨ, ਜਿਸ ਤੋਂ ਬਾਅਦ ਉਨ੍ਹਾਂ ਪੁਲਸ ਪਾਰਟੀ ਸਮੇਤ ਇਲਾਕੇ 'ਚ ਛਾਪੇਮਾਰੀ ਕੀਤੀ ਤਾਂ ਦੋ ਨੌਜਵਾਨਾਂ ਇਸ਼ਾਨ ਸ਼ਰਮਾ ਵਾਸੀ ਮਹਿਲ ਖ਼ੁਰਦ ਅਤੇ ਅੰਮ੍ਰਿਤਪਾਲ ਸਿੰਘ ਸਨੀ ਵਾਸੀ ਮਹਿਲ ਕਲਾਂ ਨੂੰ ਆਲਟੋ ਕਾਰ ਬਗ਼ੈਰ ਨੰਬਰ ਸਮੇਤ ਕਾਬੂ ਕੀਤਾ।ਇਨ੍ਹਾਂ ਨੌਜਵਾਨਾਂ ਕੋਲੋਂ 2 ਦੇਸੀ ਪਿਸਤੌਲ ਤੇ ਤਿੰਨ ਜ਼ਿੰਦਾ ਕਾਰਤੂਸ 12 ਬੋਰ ਬਰਾਮਦ ਕੀਤੇ ਗਏ ਹਨ।ਇਨ੍ਹਾਂ ਦਾ ਤੀਜਾ ਸਾਥੀ ਸੁਰਿੰਦਰ ਸਿੰਘ ਉਰਫ਼ ਬਿੱਲਾ ਫ਼ਰਾਰ ਹੋ ਗਿਆ, ਜਿਸ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲਸ ਨੇ ਉਕਤ ਨੌਜਵਾਨਾਂ ਨੂੰ ਅਦਾਲਤ 'ਚ ਪੇਸ਼ ਕਰ ਕੇ ਦੋ ਦਿਨ ਦਾ ਰਿਮਾਂਡ ਹਾਸਲ ਕੀਤਾ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਇਸ ਮਾਮਲੇ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ, ਕਿਸੇ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ।

ਗਰ

14- May Page - 6-advt.qxd 5/13/2024 10:57 PM Page 1

ਸੜਕ ਸੁਰੱਖਿਆ ਨਿਯਮਾਂ ਦੀ ਪਾਲਣਾ ਸਾਡਾ ਮੁੱਢਲਾ ਫਰਜ਼ : ਆਰ ਟੀ ਓ

ਜਲੰਧਰ : ਸ ਕੰ ਸ ਸ ਸ ਜੰਡਿਆਲਾ ਵਿਖੇ ਸੜਕ ਸੁਰੱਖਿਆ ਨਿਯਮਾਂ 'ਤੇ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਅਮਨਪ੍ਰੀਤ ਸਿੰਘ ਰਿਜਨਲ ਟਰਾਂਸਪੋਰਟ ਅਫਸਰ ਜਲੰਧਰ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਉਹਨਾ ਸੈਮੀਨਾਰ 'ਚ ਸ਼ਾਮਲ ਪਤਵੰਤੇ ਸੱਜਣਾਂ ਤੇ ਬੱਚਿਆਂ ਨੂੰ ਵਹੀਕਲ ਲਈ ਲੋੜੀਂਦੇ ਦਸਤਾਵੇਜ਼ਾਂ ਜਿਵੇਂ ਆਰ ਸੀ, ਇੰਸ਼ੋਰੈਂਸ, ਪ੍ਰਦੂਸ਼ਣ ਸਰਟੀਫਿਕੇਟ ਆਦਿ ਸੰਬੰਧੀ ਜਾਣਕਾਰੀ ਦਿੱਤੀ ਅਤੇ ਇਹ ਦਸਤਾਵੇਜ਼ ਕਿਵੇਂ ਤਿਆਰ ਕੀਤੇ ਜਾਂਦੇ ਹਨ, ਸੰਬੰਧੀ ਵਿਸਥਾਰਪੂਰਵਕ ਦੱਸਿਆ। ਇਸ ਮੌਕੇ ਜਸਪਾਲ ਸਿੰਘ ਏ ਐੱਸ ਆਈ (ਟ੍ਰੈਫਿਕ) ਜਲੰਧਰ ਨੇ ਹਾਜ਼ਰ ਬੱਚਿਆਂ ਨੂੰ ਸੜਕ ਸੁਰੱਖਿਆ ਨਿਯਮਾਂ ਸੰਬੰਧੀ ਜਾਣਕਾਰੀ ਕਵਿਤਾ ਦੇ ਰੂਪ ਵਿੱਚ ਪੜ੍ਹ ਕੇ ਬੜੇ ਹੀ ਰੋਚਕ ਤਰੀਕੇ ਨਾਲ ਦਿੱਤੀ। ਸਕੂਲ ਪ੍ਰਿੰਸੀਪਲ ਸੱਤਪਾਲ ਸੋਢੀ ਨੇ ਅਮਨਪ੍ਰੀਤ ਸਿੰਘ ਆਰ ਟੀ ਓ ਜਲੰਧਰ ਦਾ ਨਿੱਘਾ ਸਵਾਗਤ ਕੀਤਾ ਅਤੇ ਬੱਚਿਆਂ ਨੂੰ ਸੜਕ ਸੁਰੱਖਿਆ ਨਿਯਮਾਂ ਸੰਬੰਧੀ ਮਹੱਤਵਪੂਰਨ ਜਾਣਕਾਰੀ ਸਾਂਝੀ ਕਰਨ 'ਤੇ ਉਨ੍ਹਾ ਦਾ ਧੰਨਵਾਦ ਕੀਤਾ। ਇਸ ਮੌਕੇ ਸੁਰਿੰਦਰ ਪਾਲ ਪ੍ਰਿੰਸੀਪਲ ਸ ਸ ਸ ਸ ਸਮਰਾਏ, ਜੰਡਿਆਲਾ, ਅਰਚਨਾ ਪ੍ਰਿੰਸੀਪਲ ਸ ਕੰ ਸ ਸ ਸ ਸਮਰਾਏ, ਲਛਮਣ ਸਿੰਘ ਚੇਅਰਮੈਨ ਐੱਸ ਐੱਮ ਸੀ, ਨਰਿੰਦਰ ਗੋਗਨਾ ਮੈਂਬਰ ਐੱਸ ਐੱਮ ਸੀ, ਹਰਜੀਤ ਸਿੰਘ, ਲਖਬੀਰ ਸਿੰਘ, ਜ਼ੋਰਾਵਰ ਸਿੰਘ, ਕੁਲਦੀਪ ਸਿੰਘ, ਗੁਰਦਾਸ ਸਿੰਘ, ਕੁਲਵਿੰਦਰ ਸਿੰਘ ਸੰਧੂ, ਹਰਮੇਸ਼ ਲਾਲ, ਸਕੂਲ ਸਟਾਫ ਅਤੇ ਬੱਚੇ ਹਾਜ਼ਰ ਸਨ।

ਗੁਰਦਾਸਪੁਰ ਤੋਂ ਅਕਾਲੀ ਉਮੀਦਵਾਰ ਡਾ. ਚੀਮਾ ਵੱਲੋਂ ਨਾਮਜ਼ਦਗੀ ਪੱਤਰ ਦਾਖ਼ਲ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਨੇ ਅੱਜ ਆਪਣੇ ਨਾਮਜ਼ਦਗੀ ਪੱਤਰ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਗੁਰਦਾਸਪੁਰ ਵਿਸ਼ੇਸ਼ ਸਾਰੰਗਲ ਕੋਲ ਦਾਖ਼ਲ ਕਰਵਾ ਦਿੱਤੇ ਹਨ।ਡਾ. ਚੀਮਾ ਦੇ ਨਾਮਜ਼ਦਗੀ ਪੱਤਰ ਵਿਚ ਕਵਰਿੰਗ ਉਮੀਦਵਾਰ ਵਜੋਂ ਆਸਦੀਪ ਸਿੰਘ ਚੀਮਾ ਦਾ ਨਾਂਅ ਦਰਜ ਕੀਤਾ ਗਿਆ ਹੈ।ਇਸ ਮੌਕੇ ਉਨ੍ਹਾਂ ਦੇ ਨਾਲ ਸ਼੍ਰੋਮਣੀ ਅਕਾਲੀ ਦਲ ਗੁਰਦਾਸਪੁਰ (ਸ਼ਹਿਰੀ) ਦੇ ਜ਼ਿਲ੍ਹਾ ਪ੍ਰਧਾਨ ਰਮਨਦੀਪ ਸਿੰਘ ਸੰਧੂ, ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਅਤੇ ਗੁਰਦਾਸਪੁਰ ਦੇ ਹਲਕਾ ਇੰਚਾਰਜ ਗੁਰਬਚਨ ਸਿੰਘ ਬੱਬੇਹਾਲੀ, ਫਤਹਿਗੜ੍ਹ ਚੂੜੀਆਂ ਦੇ ਹਲਕਾ ਇੰਚਾਰਜ ਲਖਬੀਰ ਸਿੰਘ ਲੋਧੀਨੰਗਲ ਅਤੇ ਸੁਜਾਨਪੁਰ ਦੇ ਹਲਕਾ ਇੰਚਾਰਜ ਰਾਜ ਕੁਮਾਰ ਗੁਪਤਾ ਆਦਿ ਵੀ ਹਾਜ਼ਰ ਸਨ। ਇਸ ਮੌਕੇ ਉਨ੍ਹਾਂ ਦੇ ਨਾਲ ਸ਼੍ਰੋਮਣੀ ਅਕਾਲੀ ਦਲ ਗੁਰਦਾਸਪੁਰ (ਸ਼ਹਿਰੀ) ਦੇ ਜ਼ਿਲ੍ਹਾ ਪ੍ਰਧਾਨ ਰਮਨਦੀਪ ਸਿੰਘ ਸੰਧੂ, ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਅਤੇ ਗੁਰਦਾਸਪੁਰ ਦੇ ਹਲਕਾ ਇੰਚਾਰਜ ਗੁਰਬਚਨ ਸਿੰਘ ਬੱਬੇਹਾਲੀ, ਫਤਹਿਗੜ੍ਹ ਚੂੜੀਆਂ ਦੇ ਹਲਕਾ ਇੰਚਾਰਜ ਲਖਬੀਰ ਸਿੰਘ ਲੋਧੀਨੰਗਲ ਅਤੇ ਸੁਜਾਨਪੁਰ ਦੇ ਹਲਕਾ ਇੰਚਾਰਜ ਰਾਜ ਕੁਮਾਰ ਗੁਪਤਾ ਆਦਿ ਵੀ ਹਾਜ਼ਰ ਸਨ।

ਸਰਕਾਰੀ ਹਸਪਤਾਲ ਮਜੀਠਾ 'ਚ ਕੌਮਾਂਤਰੀ ਨਰਸ ਦਿਵਸ ਮਨਾਇਆ

ਮਜੀਠਾ (ਸੋਇਮ ਆਨੰਦ)- ਅੰਤਰਰਾਸ਼ਟਰੀ ਨਰਸ ਦਿਵਸ ਮਨਾਉਂਦਿਆਂ ਸਰਕਾਰੀ ਹਸਪਤਾਲ ਮਜੀਠਾ ਵਿਖੇ ਕੇਕ ਕੱਟ ਕੇ ਵਿਸ਼ਵ ਦੀਆਂ ਸਮੁੱਚੀਆਂ ਨਰਸਾਂ ਦਾ ਸ਼ੁਕਰਾਨਾ ਕਰਦਿਆਂ ਹਸਪਤਾਲ ਦੇ ਐੱਸਐੱਮਓ ਡਾ. ਸਤਨਾਮ ਸਿੰਘ ਗਿੱਲ ਨੇ ਦੱਸਿਆ ਕਿ ਦੁਨੀਆ ਦੀ ਸਭ ਤੋਂ ਪ੍ਰਸਿੱਧ ਨਰਸ ਫਲੋਰੈਂਸ ਨਾਈਟਿੰਗੇਲ ਦਾ ਜਨਮ ਸਾਲ 1820 ਦੇ ਮਈ ਮਹੀਨੇ 'ਚ ਹੋਇਆ ਸੀ। ਉਹ ਇਕ ਇੰਗਲਿਸ਼ ਨਰਸ ਤੇ ਇਕ ਸਮਾਜ ਸੇਵਕਾ ਸੀ, ਜਿਨ੍ਹਾਂ ਨੇ ਆਧੁਨਿਕ ਨਰਸਿੰਗ ਦੇ ਮੁੱਖ ਥੰਮ੍ਹਾਂ ਦੀ ਸਥਾਪਨਾ ਕੀਤੀ।ਉਨ੍ਹਾਂ ਕਿਹਾ ਕਿ ਅੱਜ ਦੁਨੀਆ ਭਰ ਦੇ ਜ਼ਿਆਦਾਤਰ ਦੇਸ਼ਾਂ ਵਿੱਚ ਕਰੋਨਾ ਕਾਲ ਦੌਰਾਨ ਨਰਸਾਂ ਦੀ ਭੂਮਿਕਾ ਕਾਰਨ ਅੰਤਰਰਾਸ਼ਟਰੀ ਨਰਸ ਦਿਵਸ ਇਸ ਭਿਆਨਕ ਮਹਾਮਾਰੀ ਦਾ ਖ਼ਾਸ ਮਹੱਤਵ ਰੱਖਦਾ ਹੈ, ਜੋ ਆਪਣੀ ਜਾਨ ਜੋਖ਼ਮ ਵਿੱਚ ਪਾ ਕੇ ਵੀ ਮਹੀਨਿਆਂ ਤਕ ਕੋਵਿਡ-19 ਦੇ ਲੱਖਾਂ ਮਰੀਜ਼ਾਂ ਦੀ ਦੇਖਭਾਲ ਕਰਦੀਆਂ ਰਹੀਆਂ ਸਨ।ਉਨ੍ਹਾਂ ਕਿਹਾ ਨਰਸਾਂ ਹਸਪਤਾਲਾਂ ਅਤੇ ਕਲੀਨਿਕਾਂ ਦੀ ਰੀੜ੍ਹ ਦੀ ਹੱਡੀ ਹੁੰਦੀਆਂ ਹਨ, ਜਿਨ੍ਹਾਂ ਦਾ ਕਿਸੇ ਵੀ ਤਰਾਂ ਦੀ ਬੀਮਾਰੀ ਤੋਂ ਪੀੜਤ ਮਰੀਜ਼ ਦੀ ਦੇਖ ਭਾਲ ਕਰਨ ਲਈ ਅਹਿਮ ਰੋਲ ਹੁੰਦਾ ਹੈ। ਇਸ ਲਈ ਅੰਤਰਰਾਸ਼ਟਰੀ ਨਰਸ ਦਿਵਸ ਮੌਕੇ ਉਨ੍ਹਾਂ ਲਈ ਸਾਡਾ ਸ਼ੁਕਰਾਨਾ ਪ੍ਰਗਟਾਉਣ ਦਾ ਇਕ ਸ਼ਾਨਦਾਰ ਮੌਕਾ ਹੈ।ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਸਤਨਾਮ ਸਿੰਘ ਗਿੱਲ, ਡਾ. ਬਖਸ਼ੀਸ਼ ਕੌਰ, ਡਾ. ਮਨਜਿੰਦਰ ਸਿੰਘ, ਸਿਸਟਰ ਸਰਬਜੀਤ ਕੌਰ, ਸਿਸਟਰ ਕਮਲਜੀਤ ਕੌਰ, ਸਿਸਟਰ ਮਨਦੀਪ ਬੱਲ, ਸਿਸਟਰ ਮਨਦੀਪ ਕੌਰ ਤੇ ਹੋਰ ਨਰਸਿੰਗ ਸਟਾਫ ਹਾਜ਼ਰ ਸੀ।

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਗੁਰਦੀਪ ਸਿੰਘ ਸੰਧੂ, ਸਹਾਇਕ ਕੁਲੈਕਟਰ ਦਰਜਾ ਅੱਵਲ-ਕਮ-ਨਾਇਬ ਤਹਿਸੀਲਦਾਰ ਨਕੋਦਰ

ਮਿਸਲ ਨੰ: 2/ਐੱਨ. ਟੀ./2024

1. ਅਵਤਾਰ ਸਿੰਘ ਪੁੱਤਰ ਮਲਕੀਤ ਸਿੰਘ ਪੁੱਤਰ ਸ਼ਿਵ ਸਿੰਘ, 2. ਪਰਮਜੀਤ ਸਿੰਘ ਪੁੱਤਰ ਮਲਕੀਤ ਸਿੰਘ ਪੁੱਤਰ ਸ਼ਿਵ ਸਿੰਘ, 3. ਹਰਜੀਤ ਕੌਰ ਪੁੱਤਰੀ ਸਤਨਾਮ ਸਿੰਘ ਪੁੱਤਰ ਮਹਿਦਰ ਸਿੰਘ, 4. ਰਾਜਵਿੰਦਰ ਕੌਰ ਪੁੱਤਰੀ ਸਤਨਾਮ ਸਿੰਘ ਪੁੱਤਰ ਮਹਿਦਰ ਸਿੰਘ ਵਾਸੀਆਨ ਪਿੰਡ ਟੁੱਟ ਕਲਾਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ। ਫਰੀਕੈਨ ਅੱਵਲ

ਬਨਾਮ

1. ਸਰਬੀਤ ਸਿੰਘ ਪੁੱਤਰ ਮਲਕੀਤ ਸਿੰਘ ਪੁੱਤਰ ਸ਼ਿਵ ਸਿੰਘ, 2. ਕੁਲਬੀਰ ਕੌਰ ਵਿਧਵਾ ਸਤਨਾਮ ਸਿੰਘ ਪੁੱਤਰ ਮਹਿਦਰ ਸਿੰਘ, 3. ਕਮਲਜੀਤ ਕੌਰ ਪਤਨੀ ਗੁਰਮੁੱਖ ਸਿੰਘ ਪੁੱਤਰ ਆਤਮਾ ਸਿੰਘ, 4. ਨਵਾਬੀ ਪਤਨੀ ਸ਼ਫ਼ੀ ਮੁਹੰਮਦ ਪੁੱਤਰ ਰਾਸ਼ਮਦੀਨ, 5. ਸਰਬਜੀਤ ਕੌਰ ਪਤਨੀ ਸਤਨਾਮ ਸਿੰਘ ਪੁੱਤਰ ਸਾਧੂ ਸਿੰਘ, 6. ਅਮਰੀਕ ਸਿੰਘ ਪੁੱਤਰ ਸ਼ਿਗਾਰਾ ਸਿੰਘ ਪੁੱਤਰ ਸ਼ਿਵ ਸਿੰਘ, 7 ਮਨਜੀਤ ਸਿੰਘ ਪੁੱਤਰ ਸ਼ਿਗਾਰਾ ਸਿੰਘ ਪੁੱਤਰ ਸ਼ਿਵ ਸਿੰਘ, 8. ਬਲਵਿਦਰ ਸਿੰਘ ਪੁੱਤਰ ਸ਼ਿਗਾਰਾ ਸਿੰਘ ਪੁੱਤਰ ਸ਼ਿਵ ਸਿੰਘ, 9. ਗੁਰਦੇਵ ਸਿੰਘ ਪੁੱਤਰ ਸਾਧੂ ਸਿੰਘ ਪੁੱਤਰ ਸ਼ਿਵ ਸਿੰਘ, 10. ਗੁਰਮੇਲ ਸਿੰਘ ਪੁੱਤਰ ਸਾਧੂ ਸਿੰਘ ਪੁੱਤਰ ਸ਼ਿਵ ਸਿੰਘ, 11. ਰਣਜੀਤ ਸਿੰਘ ਪੁੱਤਰ ਸਾਧੂ ਸਿੰਘ ਪੁੱਤਰ ਸ਼ਿਵ ਸਿੰਘ, 12. ਤਜਵਿਦਰ ਸਿੰਘ ਪੁੱਤਰ ਪਾਲ ਸਿੰਘ ਪੁੱਤਰ ਸਾਧੂ ਸਿੰਘ, 13. ਬਚਿੱਤਰ ਸਿੰਘ ਪੁੱਤਰ ਚਰਨ ਸਿੰਘ ਪੁੱਤਰ ਨੰਦ ਸਿੰਘ, 14. ਨਛੱਤਰ ਕੌਰ ਪਤਨੀ ਨਿਰਮਲ ਸਿੰਘ ਪੁੱਤਰ ਚਰਨ ਸਿੰਘ,15. ਮਹਿਦਰ ਕੌਰ ਪਤਨੀ ਮਲਕੀਤ ਸਿੰਘ ਪੁੱਤਰ ਸ਼ਿਵ ਸਿੰਘ, 16. ਅਵਤਾਰ ਸਿੰਘ ਪੁੱਤਰ ਮਲਕੀਤ ਸਿੰਘ ਪੁੱਤਰ ਸ਼ਿਵ ਸਿੰਘ, 17. ਪਰਮਜੀਤ ਸਿੰਘ ਪੁੱਤਰ ਮਲਕੀਤ ਸਿੰਘ ਪੁੱਤਰ ਸ਼ਿਵ ਸਿੰਘ ਵਾਸੀਆਨ ਪਿੰਡ ਤੇ ਡਾਕਖਾਨਾ ਟੁੱਟ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ। ਫਰੀਕੈਨ ਦੋਮ

ਦਰਖਾਸਤ ਤਕਸੀਮ ਅਰਾਜ਼ੀ ਖੇਵਟ/ਖਤੌਨੀ ਨੰਬਰ 310/439, 419/561, 420/563

ਹਦਬਸਤ ਨੰਬਰ 134 ਵਾਕਿਆ ਰਕਬਾ ਪਿੰਡ ਟੁੱਟ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ 2017-2018

ਫਰੀਕੈਨ ਅੱਵਲ ਵੱਲੋਂ ਆਪਣੇ ਕੌਂਸਲ ਰਾਹੀਂ ਉਕਤ ਦਰਜ ਖੇਵਟਾਂ ਦੀ ਤਕਸੀਮ ਕਰਨ ਲਈ ਇਸ ਅਦਾਲਤ ਵਿਚ ਕੇਸ ਦਾਇਰ ਕੀਤਾ ਗਿਆ ਹੈ। ਇਸ ਅਖਬਾਰ ਇਸ਼ਤਿਹਾਰ ਰਾਹੀਂ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਇਸ ਕੇਸ ਵਿਚ ਨਿਸ਼ਚਿਤ ਮਿਤੀ 06.06.2024 ਨੂੰ ਸਮਾਂ ਦੁਪਹਿਰ 2 ਵਜੇ ਅਸਾਲਤਨ/ ਵਕਾਲਤਨ ਜਾਂ ਕਿਸੇ ਮੁਖਤਾਰ ਰਾਹੀਂ ਹਾਜ਼ਰ ਆ ਕੇ ਕੇਸ ਦੀ ਪੈਰਵਾਈ ਕਰ ਸਕਦੇ ਹੋ। ਨਿਸ਼ਚਿਤ ਮਿਤੀ ਨੂੰ ਕੇਸ ਦੀ ਸੁਣਵਾਈ ਸਮੇਂ ਹਾਜ਼ਰ ਨਾ ਆਉਣ ਦੀ ਸੂਰਤ ਵਿਚ ਇਹ ਸਮਝ ਲਿਆ ਜਾਵੇਗਾ ਕਿ ਆਪ ਇਸ ਕੇਸ ਦੀ ਪੈਰਵਾਈ ਨਹੀਂ ਕਰਨਾ ਚਾਹੁੰਦੇ। ਕੇਸ 'ਤੇ ਬਣਦੀ ਕਾਰਵਾਈ ਨਿਯਮਾਂ ਅਨੁਸਾਰ ਕਰ ਦਿੱਤੀ ਜਾਵੇਗੀ।

ਨੋਟਿਸ ਅੱਜ ਮਿਤੀ 09.05.2024 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਜਾਰੀ ਹੋਇਆ।

ਨੰ: 473/ਰੀਡਰ-2 ਮਿਤੀ : 09.05.24

ਸਹਾਇਕ ਕੁਲੈਕਟਰ ਦਰਜਾ ਅੱਵਲ-ਕਮ-ਨਾਇਬ ਤਹਿਸੀਲਦਾਰ, ਨਕੋਦਰ

COURT NOTICE

(U/o 5 Rule 20 CPC)
In the Court of Sh. Varun Deep Chopra
Civil Judge (Junior Division)-2, Jalandhar
CNR No. PBJL02-002917-2023
Next Date :- 09-07-2024

Parmod Kapila Vs. Lotus Finance Corporation

Suit for grant of decree of declaration as prayed for,
Suit for grant of decree of Mandatory injunction
Suit for grant of decree of permanent Injuction as prayed for

Publication Issued To:

1. Smt. Parmod Kapila aged about 73 years Wife of Sh. Ravinder Kapila, 2. Sh. Ravinder Kapila aged about 75 years S/o Sh. Sham Lal Kapila, 3. Sh. Atul Kapila aged about 36 years S/o Sh. Ravinder Kapila. All residents of 120, Mohan Vihar, Ladhewali, Jalandhar. .....Plaintiffs

Versus

Defendants

1. M/s Lotus Finance Ltd. Nakodar Chowk, Jalandhar through its Directors/Managing Directors, 2. M/s IBM Finance, Near P.S. Rama Mandi, Surya Enclave, Jalandhar through its Proprietor/Partners, 3. M/S Lotus Micro Finance Corp. Cool Road, Jalandhar through its Proprietor/Partners/ Authorized signatory, 4. M/S Capital Small Finance Company, Near Hotel Skylark, Jalandhar through its Directors/Managing Directors/Chairman. 5. IDFC First Bank Ltd., Puda Complex, Ladowali Road, Jalandhar, 7. Harpreet Singh S/o Sh. Surinder Pal R/o House No. 92,Gali No. 4, Birring Road, Deep Nagar, Jalandhar Cantt, 8. Sushil Kumar S/o Sh. Karishan Lal R/o Guru Nanak Pura West, Gali No. 4/5, Jalandhar, 10. Baldev Singh Malhi C/o M/S Randhawa Real Estate, Shop No. 5, Block A, Shopping Centre PPR Market, Mithapur Road, Jalandhar City, 11. Rahul Singh S/o Sh. Ramdev Singh R/o S-185, Industrial Area, Sodal Road, Jalandhar. .....Defendants

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 09.07.2024 at 10:00 A.M.

For details logon to https://highcourtchd.gov.in/?trs=district_notice&district=Jalandhar

Civil Judge (Junior Division) -2, Jalandhar

Dated this day of 07-05-2024

PUBLIC NOTICE

This Revocation of General Powar of Attorney is executed at London on this 16th day of April 2024 by Mr. Jagtar Singh Dhillon,(Holder of United Kingdom Passport Number : 575371518), Son of Girdhara Singh and resident of 306 Staines Road, Feltham, TW14 9HD, United Kingdom and having an address at 41 Defence Colony, Jalandhar-1, Punjab-144001, India. Whereas I am living in the United Kingdom permanently I, by a General Power of Attorney dated 27th. May 2022 appointed Mr. Gurbachan Dass, Son of Magar Ram and resident of V.P.O.- Madar, Jalandhar,India as my true, lawful and General Attorney to act on my behalf in my ansence to look after and manage my affairs and also for matters set out in that power of Attorney. And Whereas due to some unavoidable circumstances, I, Mr. Jagtar Singh Dhillon by executing this Deed of Revocation Cancel, revoke the General Power of Attorney dated 27th. May 2022 and remove all the right and Power given to the Attorney, Mr.Gurbachan Dass. (B)

COURT NOTICE

(U/o 5 Rule 20 CPC)
In The Court of
Ms. Lukhvinder Kaur Duggal
Additional District And
Sessions Judge -4, Patiala
CNR No. PBPT01-009657-2023
Next Date:- 26-07-2024

Paramjit Kaur
Vs.
Gurnoor Singh

Publication Issued To:
Gurnoor Singh
:- Lovepreet Karu @ Preeti Rani
R/O Village Narmana, Tehsil
Nabha, Distt. Patiala.

In Above Titled Case, The Defendant(s)/Respondent(s) Could Not Be Served. It Is Ordered That Defendant(s)/Respondent(s) Should Appear In Person Or Through Counsel On 26-07-2024 At 10:00 A.m.

For Details Logon To Https://Highcourtchd.gov.in/?trs=District_Notice&District=Patiala

Additional District And
Sessions Judge-4 Patiala
Dated, this day of 07.05.2024

COURT NOTICE

In the Court of
MS. Prabha Prashar
Judicial Magistrate-1st Class
Ludhiana
CNR No. PBLD03-023277-2022
Peshi : 11.06.2024

Publication Notice For Proclamation Under Section 82 CR.PC

M/S Indusind Bank Limited Vs Mohammad Irfan

Petition U/S 138 of Negotiable Instrument Act 1881 Amended Upto Date

Notice To:

Mohammad Irfan S/o Sh. Nadshah R/o Mohalla Ravidass Nagar, Chitti Eidgah, Malerkotla 148023

Whereas it has been proved to the satisfaction of this court that the accused above named cannot be seved in the ordinary way of service. Hence this proclamation under Section 82 CRPC is hereby 11.06.2024 at 10.00 A.M.

Take notice that, in default of his/their appearance on the day before mentioned, the above said case will be heard and determined in his/their absence.

Given under my hand and the seal of the Court.

For details logon to https://highcourtchd.gov.in/?trs=district notice&district= Ludhiana

Judicial Magistrate-1st Class
Ludhiana

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਗੁਰਦੀਪ ਸਿੰਘ ਸੰਧੂ, ਸਹਾਇਕ ਕੁਲੈਕਟਰ ਦਰਜਾ ਅੱਵਲ-ਕਮ-ਨਾਇਬ ਤਹਿਸੀਲਦਾਰ ਨਕੋਦਰ

ਮਿਸਲ ਨੰ: 3/ਐੱਨ. ਟੀ./2024 ਪਿੰਡ : ਟੁੱਟ

1. ਰਾਜਾ ਤੀਰਥ ਪਾਲ ਸਿੰਘ ਪੁੱਤਰ ਨਰਿਦਰ ਪਾਲ ਕੇਡਾ ਪੁੱਤਰ ਸੋਹਨ ਲਾਲ, 2. ਮਨਦੀਪ ਕੌਰ ਪਤਨੀ ਰਾਜਾ ਤੀਰਥ ਪਾਲ ਸਿੰਘ ਪੁੱਤਰ ਨਰਿਦਰ ਪਾਲ ਕੇਡਾ ਵਾਸੀਆਨ ਮਕਾਨ ਨੰਬਰ 50 ਤਾਜ ਸਿਟੀ-2 ਨਕੋਦਰ, ਜ਼ਿਲ੍ਹਾ ਜਲੰਧਰ। (ਫਰੀਕੈਨ ਅੱਵਲ)

ਬਨਾਮ

1. ਗੁਰਦੀਪ ਸਿੰਘ ਪੁੱਤਰ ਦਰਸ਼ਨ ਸਿੰਘ ਪੁੱਤਰ ਨੱਥਾ ਸਿੰਘ, 2. ਸੁਖਦੇਵ ਸਿੰਘ ਪੁੱਤਰ ਦਰਸ਼ਨ ਸਿੰਘ ਪੁੱਤਰ ਨੱਥਾ ਸਿੰਘ, 3. ਬਲਦੇਵ ਸਿੰਘ ਪੁੱਤਰ ਦਰਸ਼ਨ ਸਿੰਘ ਪੁੱਤਰ ਨੱਥਾ ਸਿੰਘ, 4. ਦਲਵੀਰ ਸਿੰਘ ਪੁੱਤਰ ਦਰਸ਼ਨ ਸਿੰਘ ਪੁੱਤਰ ਨੱਥਾ ਸਿੰਘ, 5. ਕੁਲਵਿੰਦਰ ਸਿੰਘ ਪੁੱਤਰ ਪ੍ਰੀਤਮ ਸਿੰਘ ਪੁੱਤਰ ਬਾਵਾ ਸਿੰਘ, ਸੰਦਾਗਰ ਸਿੰਘ ਪੁੱਤਰ ਮਲਕੀਤ ਸਿੰਘ ਪੁੱਤਰ ਸਵਰਨਾ, 7. ਜਸਵੀਰ ਕੌਰ ਵਿਧਵਾ ਦੀਦਾਰ ਸਿੰਘ ਪੁੱਤਰ ਸਵਰਨਾ, 8. ਬਲਜਿੰਦਰ ਸਿੰਘ ਪੁੱਤਰ ਦੀਦਾਰ ਸਿੰਘ ਪੁੱਤਰ ਸਵਰਨਾ, 9. ਬਲਦੀਸ਼ ਸਿੰਘ ਪੁੱਤਰ ਫਰੀਕ ਸਿੰਘ ਪੁੱਤਰ ਅਮਰ ਸਿੰਘ, 10. ਸੰਜੀਵ ਕੁਮਾਰ ਪੁੱਤਰ ਸੰਤ ਰਾਮ ਪੁੱਤਰ ਰਾਮ ਨਰਾਇਣ ਵਾਸੀਆਨ ਪਿੰਡ ਟੁੱਟ ਕਲਾਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ। (ਫਰੀਕੈਨ ਦੋਮ)

ਦਰਖਾਸਤ ਤਕਸੀਮ ਅਰਾਜ਼ੀ ਖੇਵਟ/ਖਤੌਨੀ ਨੰਬਰ 21/36, ਹਦਬਸਤ ਨੰਬਰ 134 ਵਾਕਿਆ ਰਕਬਾ ਪਿੰਡ ਟੁੱਟ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ 2017-2018

ਫਰੀਕੈਨ ਅੱਵਲ ਵੱਲੋਂ ਆਪਣੇ ਕੌਂਸਲ ਰਾਹੀਂ ਉਕਤ ਦਰਜ ਖੇਵਟਾਂ ਦੀ ਤਕਸੀਮ ਕਰਨ ਲਈ ਇਸ ਅਦਾਲਤ ਵਿਚ ਕੇਸ ਦਾਇਰ ਕੀਤਾ ਗਿਆ ਹੈ। ਇਸ ਅਖਬਾਰ ਇਸ਼ਤਿਹਾਰ ਰਾਹੀਂ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਇਸ ਕੇਸ ਵਿਚ ਨਿਸ਼ਚਿਤ ਮਿਤੀ 06.06.2024 ਨੂੰ ਸਮਾਂ ਦੁਪਹਿਰ 2 ਵਜੇ ਅਸਾਲਤਨ/ ਵਕਾਲਤਨ ਜਾਂ ਕਿਸੇ ਮੁਖਤਾਰ ਰਾਹੀਂ ਹਾਜ਼ਰ ਆ ਕੇ ਕੇਸ ਦੀ ਪੈਰਵਾਈ ਕਰ ਸਕਦੇ ਹੋ। ਨਿਸ਼ਚਿਤ ਮਿਤੀ ਨੂੰ ਕੇਸ ਦੀ ਸੁਣਵਾਈ ਸਮੇਂ ਹਾਜ਼ਰ ਨਾ ਆਉਣ ਦੀ ਸੂਰਤ ਵਿਚ ਇਹ ਸਮਝ ਲਿਆ ਜਾਵੇਗਾ ਕਿ ਆਪ ਇਸ ਕੇਸ ਦੀ ਪੈਰਵਾਈ ਨਹੀਂ ਕਰਨਾ ਚਾਹੁੰਦੇ। ਕੇਸ 'ਤੇ ਬਣਦੀ ਕਾਰਵਾਈ ਨਿਯਮਾਂ ਅਨੁਸਾਰ ਕਰ ਦਿੱਤੀ ਜਾਵੇਗੀ।

ਨੋਟਿਸ ਅੱਜ ਮਿਤੀ 09.05.2024 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਜਾਰੀ ਹੋਇਆ।

ਨੰ: 470/ਰੀਡਰ-2 ਮਿਤੀ : 09.05.24

ਸਹਾਇਕ ਕੁਲੈਕਟਰ ਦਰਜਾ ਅੱਵਲ-ਕਮ-ਨਾਇਬ ਤਹਿਸੀਲਦਾਰ, ਨਕੋਦਰ

ਕਲਾਸੀਫਾਈਡ ਇਸ਼ਤਿਹਾਰ

Change of Name

I, Suman W/o Bhushan Lal, D/o Sh. Narinder Kumar R/o R-11, Mandi Road, Hari Bol Mandir, Jalandhar-1, Jalandhar City, Distt. Jalandhar, have changed my name from Suman to Heena After Marriage. Please note. (9963)

I, Parmjit Kaur W/o Ajmer Singh R/o Village Moga Distt. Jalandhar (Pb). have Changed my name Parmjit Kaur to Paramjit Kaur. All Concerned please note. (Vig)

I, Pankaj S/

14-MAY-PAGE-7.qxd 5/13/2024 10:40 PM Page 1

ਚੋਣ ਡਿਊਟੀਆਂ ਨਿਭਾਉਣ ਵਾਲੇ ਅਧਿਆਪਕਾਂ/ਮੁਲਾਜ਼ਮਾਂ ਨੂੰ ਸਮੱਸਿਆਵਾਂ ਦਾ ਅਗਾਊਂ ਹੱਲ ਕਰਨ ਦੀ ਮੰਗ

ਲੁਧਿਆਣਾ (ਐਮ ਐਸ ਭਾਟੀਆ)

ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਸਰਪ੍ਰਸਤ ਚਰਨ ਸਿੰਘ ਸਰਾਭਾ, ਸੀਨੀਅਰ ਮੀਤ ਪ੍ਰਧਾਨ ਪ੍ਰਵੀਨ ਕੁਮਾਰ ਲੁਧਿਆਣਾ ਵਲੋਂ ਮਾਨਯੋਗ ਮੁੱਖ ਚੋਣ ਅਫਸਰ, ਪੰਜਾਬ ਨੂੰ ਸ੍ਰੀ ਮੇਜਰ ਅਮਿਤ ਸ਼ਰੀਨ ਏ ਡੀ ਸੀ (ਜ) ਲੁਧਿਆਣਾ ਰਾਹੀਂ ਲੋਕ ਸਭਾ ਚੋਣਾਂ 2024 ਦੌਰਾਨ ਚੋਣ ਡਿਊਟੀਆਂ ਲਈ ਤਾਇਨਾਤ ਕੀਤੇ ਜਾਣ ਵਾਲੇ ਅਧਿਆਪਕਾਂ/ ਮੁਲਾਜ਼ਮਾਂ ਨੂੰ ਆਉਣ ਵਾਲੀਆਂ ਵੱਖ-ਵੱਖ ਸਮੱਸਿਆਵਾਂ ਦਾ ਅਗਾਊਂ ਹੱਲ ਕਰਨ ਸਬੰਧੀ ਇੱਕ ਮੰਗ ਪੱਤਰ ਪਿਛਲੇ ਸਮੇਂ ਵਿੱਚ ਸੌਂਪਿਆ ਗਿਆ ਸੀ।ਇਸ ਸਬੰਧੀ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਪਾਲ ਸਿੰਘ ਕਾਲੀਆ, ਬਲਬੀਰ ਸਿੰਘ ਕੰਗ, ਪ੍ਰੈਸ ਸਕੱਤਰ ਟਹਿਲ ਸਿੰਘ ਸਰਾਭਾ, ਮਨੀਸ਼ ਸ਼ਰਮਾ, ਸੰਜੀਵ ਸ਼ਰਮਾ, ਜਗਮੇਲ ਸਿੰਘ ਪੱਖੋਵਾਲ ਨੇ ਪੰਜਾਬੀ ਭਵਨ ਵਿਖੇ ਮੀਟਿੰਗ ਕਰਨ ਉਪਰੰਤ ਦੱਸਿਆ ਕਿ ਮੁੱਖ ਚੋਣ ਕਮਿਸ਼ਨਰ ਪੰਜਾਬ ਵੱਲੋਂ ਮਹਿਲਾ ਅਧਿਆਪਕਾਂ ਤੇ ਮੁਲਾਜ਼ਮਾਂ ਦੀਆਂ ਚੋਣ ਡਿਊਟੀਆਂ ਉਨਾਂ ਦੇ ਰਹਾਇਸ਼ੀ ਖੇਤਰਾਂ ਦੇ ਨਜ਼ਦੀਕ ਲਗਾਉਣ ਸਬੰਧੀ ਪੱਤਰ ਜਾਰੀ ਕਰ ਦਿੱਤਾ ਗਿਆ ਹੈ, ਪਰ ਚੋਣ ਡਿਊਟੀਆਂ ਸਬੰਧੀ ਪਹਿਲੀ ਟ੍ਰੇਨਿੰਗ ਰੀਹਿਰਸਲ ਦੌਰਾਨ ਬਹੁਤ ਸਾਰੀਆਂ ਮਹਿਲਾ ਅਧਿਆਪਕਾਂ ਦੇ ਮੁਲਾਜ਼ਮਾਂ

ਦੀਆਂ ਡਿਊਟੀਆਂ ਉਨ੍ਹਾਂ ਦੀ ਰਿਹਾਇਸ਼ ਤੋਂ ਲਗਭਗ 60-60 ਕਿਲੋਮੀਟਰ ਦੂਰ ਲਾਈਆਂ ਗਈਆਂ, ਜਿਸ ਨਾਲ ਮਹਿਲਾ ਅਧਿਆਪਕਾਂ ਤੇ ਮੁਲਾਜ਼ਮਾਂ ਨੂੰ ਬੇਵਜ੍ਹਾ ਹੀ ਪ੍ਰੇਸ਼ਾਨ ਹੋਣਾ ਪਿਆ।

ਜ਼ਿਲ੍ਹਾ ਚੋਣ ਅਧਿਕਾਰੀ ਲੁਧਿਆਣਾ ਤੋਂ ਮੰਗ ਕੀਤੀ ਗਈ ਕਿ ਮਹਿਲਾ ਅਧਿਆਪਕਾਂ ਤੇ ਮੁਲਾਜ਼ਮਾਂ ਦੀਆਂ ਚੋਣ ਡਿਊਟੀਆਂ ਉਨ੍ਹਾਂ ਦੇ ਰਿਹਾਇਸ਼ ਦੇ ਨਜ਼ਦੀਕ 15 ਕਿਲੋਮੀਟਰ ਦੇ ਦਾਇਰੇ ਅੰਦਰ ਲਗਾਈਆਂ ਜਾਣ ਤਾਂ ਜੁ ਮਹਿਲਾ ਅਧਿਆਪਕਾਂ ਨੂੰ ਬੇਵਜ੍ਹਾ ਪ੍ਰੇਸ਼ਾਨੀਆਂ ਦਾ ਸਾਹਮਣਾ ਨਾ ਕਰਨਾ ਪਵੇ।ਇਸ ਤੋਂ ਇਲਾਵਾ ਪੁਰਸ਼ ਅਧਿਆਪਕਾਂ/ਮੁਲਾਜ਼ਮਾਂ ਦੀ ਚੋਣ ਡਿਊਟੀ ਉਨ੍ਹਾਂ ਦੀ ਰਿਹਾਇਸ਼ ਦੇ ਨਜ਼ਦੀਕ ਲਾਈ ਜਾਵੇ, ਕਿਉਂਕਿ ਪਿਛਲੇ ਸਮੇਂ ਦੌਰਾਨ ਵੇਖਣ ਵਿੱਚ ਆਇਆ ਹੈ ਕਿ ਚੋਣ ਡਿਊਟੀ ਬਹੁਤ ਦੂਰ ਦੁਰਡੇ ਲੱਗਣ ਨਾਲ ਬੇਵਜ਼ਾ ਹੀ ਮੁਲਾਜ਼ਮਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ, ਜਦੋਂ ਕਿ ਮੁਲਾਜ਼ਮ ਆਪਣੀ ਚੋਣ ਡਿਊਟੀ ਨੂੰ ਪੂਰੀ ਇਮਾਨਦਾਰੀ ਤੇ ਲਗਨਤਾ ਨਾਲ਼ ਨਿਭਾਉਂਦੇ ਹਨ।ਇਸ ਤੋਂ ਇਲਾਵਾ ਚੋਣ ਡਿਊਟੀਆਂ ਦੌਰਾਨ ਵੱਖ-ਵੱਖ ਤਰ੍ਹਾਂ ਦੀਆਂ ਟੀਮਾਂ ਵਿੱਚ ਸਪੈਸ਼ਲ ਤੌਰ 'ਤੇ ਡਿਊਟੀਆਂ ਨਿਭਾਅ ਰਹੇ ਬਹੁਤ ਸਾਰੇ ਅਧਿਆਪਕਾਂ ਤੇ ਮੁਲਾਜ਼ਮਾਂ ਨੂੰ ਪਹਿਲੀ ਟ੍ਰੇਨਿੰਗ ਰੀਹਰਸਲ ਤੇ ਹਾਜ਼ਰ ਨਾ ਹੋਣ ਸਬੰਧੀ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਹਨ।ਉਨ੍ਹਾਂ ਨੋਟਿਸਾਂ ਨੂੰ ਤੁਰੰਤ ਰੱਦ ਕੀਤਾ ਜਾਵੇ।

ਇਸ ਤੋਂ ਇਲਾਵਾ ਦੋ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀਆਂ ਮਾਵਾਂ ਮੁਲਾਜ਼ਮਾਂ, ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀਆਂ ਮਾਵਾਂ, ਸਰੀਰਕ ਤੌਰ 'ਤੇ ਅਪਾਹਜ ਮੁਲਾਜ਼ਮਾਂ, ਗਰਭਵਤੀ ਮੁਲਾਜ਼ਮਾਂ, ਗੰਭੀਰ ਤੇ ਕਰੋਨਿਕ ਬਿਮਾਰੀਆਂ ਵਾਲੇ ਪਰਿਵਾਰਿਕ ਮੈਂਬਰਾਂ ਵਾਲ਼ੇ ਮੁਲਾਜ਼ਮਾਂ ਆਦਿ ਨੂੰ ਡਿਊਟੀ ਤੋਂ ਛੋਟ ਦਿੱਤੀ ਜਾਵੇ।

ਆਰਕੈਸਟਰਾ ਨਾਲ ਸਰੀਰਕ ਸੰਬੰਧ ਬਣਾ ਕੇ ਕੀਤਾ ਬਲੈਕਮੇਲ, ਮਾਮਲਾ ਦਰਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ 'ਚ ਆਰਕੈਸਟਰਾ ਨਾਲ ਸਰੀਰਕ ਸਬੰਧ ਬਣਾ ਕੇ ਉਸ ਨੂੰ ਬਲੈਕਮੇਲ ਕਰਕੇ 3 ਲੱਖ ਰੁਪਏ ਲੈਣ ਤੇ ਉਸ ਦੀਆਂ ਇਤਰਾਜ਼ਯੋਗ ਫੋਟੋਆਂ ਰਿਸ਼ਤੇਦਾਰਾਂ ਨੂੰ ਭੇਜਣ ਤੇ ਯੂ ਟਿਊਬ 'ਤੇ ਵੀਡੀਓ ਵਾਇਰਲ ਕਰਨ ਦੇ ਦੋਸ਼ ਵਿੱਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇਕ ਵਿਅਕਤੀ ਖਿਲਾਫ 376, 420, 354 ਆਈਪੀਸੀ 67 ਇਨਫਾਰਮੇਸ਼ਨ ਤਕਨਾਲੋਜੀ ਐਕਟ 2000 ਤਹਿਤ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਨਵਨੀਤ ਕੌਰ ਨੇ ਦੱਸਿਆ ਕਿ ਦਰਖਾਸਤ/ਯੂਆਈਡੀ ਨੰਬਰ 148655 ਰਾਹੀਂ ਦੀਪਿਕਾ ਪਤਨੀ ਸੁਨੀਲ ਨੇ ਦੱਸਿਆ ਕਿ ਉਸ ਦੀ ਨਨਾਣ ਦਾ ਵਿਆਹ 15 ਸਾਲ ਪਹਿਲਾਂ ਸੋਨੂੰ ਵਾਸੀ ਬਾਂਸੀ ਗੇਟ ਸਿਟੀ ਫਿਰੋਜ਼ਪੁਰ ਨਾਲ ਹੋਇਆ ਸੀ, ਜੋ ਵਿਆਹ ਤੋਂ ਬਾਅਦ ਦੋਵਾਂ ਦੀ ਅਣਬਣ ਹੋਣ ਕਰਕੇ ਕਰੀਬ 10 ਸਾਲ ਪਹਿਲਾਂ ਤਲਾਕ ਹੋ ਗਿਆ ਸੀ। ਤਲਾਕ ਤੋਂ ਬਾਅਦ ਉਸ ਦੀ ਭੈਣ ਆਰਕੈਸਟਰਾ ਦਾ ਕੰਮ ਕਰਨ ਲੱਗ ਪਈ ਤੇ ਜਿਸ ਦੀ ਦੋਸ਼ੀ ਗਗਨ ਗਰੋਵਰ ਪੁੱਤਰ ਮੁਲਖ ਰਾਜ ਨਾਲ ਜਾਣ ਪਛਾਣ ਹੋ ਗਈ ਤੇ ਗਗਨ ਗਰੋਵਰ ਉਸ ਨੂੰ ਵਿਆਹ ਦਾ ਝਾਂਸਾ ਦੇ ਕੇ ਉਸ ਦੀ ਮਰਜ਼ੀ ਤੋਂ ਬਗੈਰ ਸਰੀਰਕ ਸਬੰਧ ਬਣਾਉਣ ਲੱਗ ਪਿਆ ਤੇ ਇਤਰਾਜ਼ਯੋਗ ਹਾਲਤ ਵਿੱਚ ਚੋਰੀ ਵੀਡੀਓ ਬਣਾ ਕੇ ਉਸ ਨੂੰ ਬਲੈਕਮੇਲ ਕਰਨ ਲੱਗ ਪਿਆ। ਦੀਪਿਕਾ ਨੇ ਦੱਸਿਆ ਕਿ ਉਸ ਦੀ ਭੈਣ ਤੋਂ ਦੋਸ਼ੀ 3 ਲੱਖ ਰੁਪਏ ਵੱਖ ਵੱਖ ਸਮੇਂ, 1 ਚੈਨੀ ਸੋਨਾ 1 ਤੋਲਾ ਵੀਡੀਓ ਵਾਇਰਲ ਕਰਨ ਦੀ ਧਮਕੀ ਦੇ ਕੇ ਹਾਸਲ ਕੀਤੇ। ਜਦ ਉਸ ਦੀ ਨਨਾਣ ਨੇ ਆਪਣਾ ਫੋਨ ਬੰਦ ਕਰ ਲਿਆ ਤੇ ਦੋਸ਼ੀ ਉਸ ਦੀ ਭਰਜਾਈ ਨੂੰ ਧਮਕੀਆਂ ਦੇਣ ਲੱਗ ਪਿਆ ਤੇ ਉਸ ਨਾਲ ਗੱਲ ਕਰਾਉਣ ਲਈ ਕਹਿੰਦਾ ਸੀ। ਜੋ ਉਨ੍ਹਾਂ ਵੱਲੋਂ ਗੱਲ ਨਾ ਕਰਾਉਣ 'ਤੇ ਦੋਸ਼ੀ ਵੱਲੋਂ ਉਸ ਦੀ ਨਨਾਣ ਦੀਆਂ ਇਤਰਾਜ਼ਯੋਗ ਫੋਟੋਆਂ ਉਸ ਦੇ ਰਿਸ਼ਤੇਦਾਰਾਂ ਨੂੰ ਭੇਜ ਦਿੱਤੀਆਂ ਤੇ ਯੂ ਟਿਊਬ 'ਤੇ ਵੀਡੀਓ ਵਾਇਰਲ ਕਰ ਦਿੱਤੀ। ਜਾਂਚਕਰਤਾ ਨਵਨੀਤ ਕੌਰ ਨੇ ਦੱਸਿਆ ਕਿ ਪੁਲਸ ਵੱਲੋਂ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

ਮੋਦੀ ਤੋਂ ਦੇਸ਼ ਨੂੰ ਬਚਾਉਣ ਲਈ ਕੇਂਦਰ 'ਚ ਕਾਂਗਰਸ ਜ਼ਰੂਰੀ : ਰਾਜਾ ਗਿੱਲ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਲੋਕ ਸਭਾ ਹਲਕਾ ਸ਼੍ਰੀ ਫ਼ਤਹਿਗੜ੍ਹ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਡਾ. ਅਮਰ ਸਿੰਘ ਦੇ ਹੱਕ ਵਿੱਚ ਹਲਕਾ ਸਮਰਾਲਾ ਤੋਂ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਬੇਟ ਖੇਤਰ ਦੇ ਕਈ ਪਿੰਡਾਂ ਵਿੱਚ ਚੋਣ ਸਭਾਵਾਂ ਕੀਤੀਆਂ। ਬਲਾਕ ਮੀਡੀਆ ਇੰਚਾਰਜ ਵਿਨੀਤ ਕੁਮਾਰ ਝੜੌਦੀ ਦੀ ਅਗਵਾਈ ਹੇਠ ਪਿੰਡ ਝੜੌਦੀ ਵਿਖੇ ਹੋਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਰਾਜਾ ਗਿੱਲ ਨੇ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਨੇ ਲੋਕਾਂ ਨਾਲ ਝੂਠੇ ਵਾਅਦੇ ਕਰਕੇ ਵੋਟਾਂ ਲਈਆਂ, ਪਰ ਕੋਈ ਨਵੀਂ ਯੋਜਨਾ ਸ਼ੁਰੂ ਕਰਨ ਦੀ ਬਜਾਏ ਪਿਛਲੀ ਕਾਂਗਰਸ ਸਰਕਾਰ ਸਮੇਂ ਸ਼ੁਰੂ ਹੋਈਆਂ ਯੋਜਨਾਵਾਂ ਨੂੰ ਲਾਗੂ ਕਰ ਮੁਫ਼ਤ ਦੀ ਵਾਹ-ਵਾਹ ਖੱਟੀ ਜਾ ਰਹੀ ਹੈ। ਕੇਂਦਰ ਦੀ ਮੋਦੀ ਸਰਕਾਰ 'ਤੇ ਵਰ੍ਹਦਿਆਂ ਗਿੱਲ ਨੇ ਕਿਹਾ ਕਿ ਜੇਕਰ ਮੁੜ ਕੇ ਕੇਂਦਰ ਵਿੱਚ ਭਾਜਪਾ ਸਰਕਾਰ ਆਈ ਤਾਂ ਖਤਰਨਾਕ ਨਤੀਜੇ ਸਾਹਮਣੇ ਆਉਣਗੇ, ਇਸ ਲਈ ਦੇਸ਼ ਨੂੰ ਬਚਾਉਣ ਲਈ ਸੱਤਾ ਵਿੱਚ ਕਾਂਗਰਸ ਦਾ ਆਉਣਾ ਬਹੁਤ ਜ਼ਰੂਰੀ ਹੈ। ਉਨ੍ਹਾ ਕਿਹਾ ਕਿ ਭਾਜਪਾ ਦਾ ਪ੍ਰਧਾਨ ਮੰਤਰੀ

ਮੋਦੀ ਦੇਸ਼ ਦਾ ਪੈਸਾ ਕਾਰਪੋਰੇਟ ਘਰਾਣਿਆਂ ਨੂੰ ਲੁੱਟਾ ਰਿਹਾ, ਜਦਕਿ ਆਮ ਜਨਤਾ ਗਰੀਬੀ, ਭੁੱਖਮਰੀ ਤੇ ਬੇਰੁਜ਼ਗਾਰੀ ਦਾ ਸ਼ਿਕਾਰ ਹੋ ਰਹੀ ਹੈ। ਉਨ੍ਹਾ ਕਿਹਾ ਕਿ ਕੇਂਦਰ 'ਚ ਆਉਂਦੇ ਹੀ ਕਾਂਗਰਸ ਸਰਕਾਰ ਲੋਕ ਹਿੱਤਾਂ ਲਈ ਵੱਡੇ ਫੈਸਲੇ ਲਵੇਗੀ ਤੇ ਕਾਰਪੋਰੇਟ ਘਰਾਣਿਆਂ ਨੂੰ ਲੁਟਾਇਆ ਗਿਆ ਪੈਸਾ ਦੇਸ਼ ਦੇ ਵਿਕਾਸ ਲਈ ਖਰਚਿਆ ਜਾਵੇਗਾ। ਉਨ੍ਹਾ ਕਿਹਾ ਕਿ ਇਹ ਤਾਂ ਹੀ ਸੰਭਵ ਹੈ, ਜੇਕਰ ਲੋਕ ਸਭਾ ਹਲਕਾ ਫ਼ਤਹਿਗੜ੍ਹ ਸਾਹਿਬ ਤੋਂ ਕਾਂਗਰਸ ਉਮੀਦਵਾਰ ਡਾ. ਅਮਰ ਸਿੰਘ ਨੂੰ ਭਾਰੀ ਬਹੁਮੱਤ ਨਾਲ ਜਿਤਾਇਆ ਜਾਵੇ। ਇਸ ਮੌਕੇ ਸਾਬਕਾ ਚੇਅਰਮੈਨ ਸ਼ਕਤੀ ਆਨੰਦ, ਸੁਰਿੰਦਰ ਕੁਮਾਰ ਸ਼ਿੰਦੀ, ਸ਼ਮੀ ਪਹਿਲਵਾਨ, ਪਰਮਜੀਤ ਸਿੰਘ ਪੰਮੀ (ਸਾਰੇ ਸਾਬਕਾ ਕੌਂਸਲਰ), ਦਿਹਾਤੀ ਪ੍ਰਧਾਨ ਜਸਪ੍ਰੀਤ ਸਿੰਘ ਮਾਜਰਾ, ਸਰਪੰਚ ਜਗਦੇਵ ਸਿੰਘ ਸੈਂਸੋਵਾਲ, ਕਿਰਪਾਲ ਸਿੰਘ ਬੁੱਲੇਵਾਲ, ਬਿੱਕਰ ਇਟਲੀ, ਪੰਚ ਸੰਤੋਖ ਸਿੰਘ, ਬਲਵਿੰਦਰ ਸਿੰਘ, ਰਣਜੋਧ ਸਿੰਘ ਰਤੀਪੁਰ, ਹਰਮੀਤ ਕੌਰ, ਬਾਬੂ ਸਿੰਘ, ਰਜਿੰਦਰ ਸਿੰਘ, ਕਿਰਨਜੀਤ ਕੌਰ, ਜਸਵੀਰ ਸਿੰਘ, ਕਸ਼ਮੀਰ ਸਿੰਘ, ਦਰਸ਼ਨ ਸਿੰਘ, ਅਜੀਤ ਸਿੰਘ ਸੂਬੇਦਾਰ, ਜਗਦੀਸ਼ ਸਿੰਘ ਫੌਜੀ, ਗੁਰਬਖਸ਼ ਕੌਰ, ਪਰਮਜੀਤ ਕੌਰ, ਅਮਰ ਕੌਰ, ਗੁਰਮੀਤ ਕੌਰ, ਮਲਕੀਤ ਸਿੰਘ, ਜਸਪਾਲ ਸਿੰਘ, ਹਰਦੇਵ ਸਿੰਘ ਆਦਿ ਮੌਜੂਦ ਸਨ।

ਖੇਤ ਮਜ਼ਦੂਰ ਦੀ ਜ਼ੇਰੇ ਇਲਾਜ ਪੀ ਜੀ ਆਈ ਚੰਡੀਗੜ੍ਹ 'ਚ ਹੋਈ ਮੌਤ

ਮੂਨਕ (ਰਾਜਪਾਲ ਸਿੰਗਲਾ)

ਭਾਠੂਆ, ਸਲੇਮਗੜ੍ਹ ਅਤੇ ਭੂੰਦੜ ਭੈਣੀ ਪਿੰਡਾਂ ਦੇ ਖੇਤਾਂ ਵਿੱਚ ਕਣਕ ਦੇ ਨਾੜ ਨੂੰ ਲੱਗੀ ਅੱਗ ਨਾਲ ਖੇਤ ਵਿੱਚ ਕੰਮ ਕਰਦੇ ਭੂੰਦੜ ਭੈਣੀ ਦੇ ਖੇਤ ਮਜ਼ਦੂਰ ਗੋਰੀ ਪੂਰੀ ਤਰਾਂ ਝੁਲਸਿਆ ਗਿਆ ਸੀ, ਜਿਸ ਦਾ ਗੰਭੀਰ ਸਥਿਤੀ ਵਿੱਚ ਮੌਕੇ ਤੋਂ ਰਜਿੰਦਰ ਹਸਪਤਾਲ ਵਿਖੇ ਰੈਫਰ ਕੀਤਾ ਗਿਆ।

ਰਪ੍ਰੀਤ ਸਿੰਘ ਸਪੁੱਤਰ ਲੱਖੀ ਸਿੰਘ, ਜੋ ਹਾਲੇ ਕੁਵਾਰਾ ਸੀ, ਇੱਕ ਜ਼ਿੰਮੀਦਾਰ ਦੇ ਖੇਤ ਵਿੱਚ ਮਿਹਨਤ ਮਜ਼ਦੂਰੀ ਦਾ ਕੰਮ ਕਰਦਾ ਸੀ ਉਹ ਖੇਤ ਵਿੱਚ ਮੱਕਾ ਬੀਜ ਰਹੇ ਸਨ ਇਸ ਦੌਰਾਨ ਖੇਤਾਂ ਚ ਖੜੇ ਨਾੜ ਨੂੰ ਅੱਗ ਲਗ ਰਹੀ ਸੀ ਅਤੇ ਹਵਾ ਤੇਜ਼ ਹੋਣ ਕਰਕੇ ਅੱਗ ਨੇ ਸਕਿੰਟਾਂ ਵਿੱਚ ਹੀ ਉਸਨੂੰ ਆਪਣੀ ਝਪੇਟ ਵਿੱਚ ਲੈ ਲਿਆ। ਉਸਦਾ ਸਰੀਰ ਬੁਰੀ ਤਰ੍ਹਾਂ ਝੁਲਸਿਆ ਗਿਆ ਜਿਸ ਨੂੰ ਲੋਕਾਂ ਨੇ ਲੋਕਾਂ ਦੀ ਮਦਦ ਨਾਲ ਸਬ ਡਿਵੀਜ਼ਨ ਹਸਪਤਾਲ ਮੂਨਕ ਵਿਖੇ ਭਰਤੀ ਕਰਵਾਇਆ ਗਿਆ। ਜਿੱਥੇ ਡਾਕਟਰਾਂ ਨੇ ਉਸ ਨੂੰ ਵਧੇਰਾ ਸੜਿਆ ਹੋਣ ਕਰਕੇ ਉਚਿਤ ਪ੍ਰਬੰਧਾਂ ਦਾ ਨਾਂ ਹੋਣ ਕਰਕੇ ਜਖਮੀ ਨੂੰ ਰਜਿੰਦਰਾ ਹਸਪਤਾਲ ਅਤੇ ਫਿਰ ਚੰਡੀਗੜ੍ਹ ਪੀਜੀਆਈ ਰੈਫਰ ਕਰ ਦਿੱਤਾ ਜਿੱਥੇ ਡਾਕਟਰਾਂ ਦੀ ਦੇਖ ਰੇਖ ਵਿੱਚ ਜਖਮੀ ਦਾ ਇਲਾਜ ਚੱਲਿਆ। ਡਾਕਟਰਾਂ ਅਨੁਸਾਰ ਅੱਗ ਨਾਲ ਗੁਰਪ੍ਰੀਤ ਦਾ ਸਰੀਰ 50 ਫੀਸਦੀ ਸੜ ਗਿਆ ਸੀ।ਜਿੱਥੇ ਉਸਦੇ ਜੇਰੇ ਇਲਾਜ ਚੱਲ ਰਿਹਾ ਸੀ ਇਲਾਜ ਦੌਰਾਨ ਚਾਰ ਦਿਨਾਂ ਤੋਂ ਬਾਅਦ ਸ਼ਨੀਵਾਰ ਨੂੰ ਸਵੇਰੇ 5 ਵਜੇ ਆਖਰੀ ਸਾਂਹ ਲਿਆ। ਜਿਸ ਦਾ ਪੋਸਟਮਾਰਟਮ ਕਰਵਾ ਕੇ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਅਤੇ ਅੱਜ ਗੁਰਪ੍ਰੀਤ ਦਾ ਦਾਹ ਸੰਸਕਾਰ ਕੀਤਾ ਗਿਆ। ਜਖਮੀ ਖੇਤ ਮਜ਼ਦੂਰੀ ਦਾ ਕੰਮ ਕਰਦਾ ਹੈ ਇਸ ਦਾ ਭਰਾ ਪੱਲੇਦਾਰੀ ਦਾ ਕੰਮ ਕਰਦਾ ਹੈ ਦੋਵੇਂ ਭਰਾ ਤੇ ਪਿਓ ਮਿਹਨਤ ਮਜਦੂਰੀ ਕਰਕੇ ਪਰਿਵਾਰ ਦਾ ਗੁਜ਼ਾਰਾ ਚਲਾਉਂਦੇ ਹਨ। ਉਕਤ ਪਰਿਵਾਰ ਅਤੀ ਗਰੀਬ ਹੋਣ ਕਰਕੇ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਗੁਰਪ੍ਰੀਤ ਸਿੰਘ ਨੂੰ ਮਾਲੀ ਸਹਾਇਤਾ ਦੇਣ ਦੀ ਮੰਗ ਕੀਤੀ ਹੈ।

ਭੋਲਾ ਸਿੰਘ ਬਰਾੜ ਦੀ ਵਾਪਸੀ ਨੇ ਬੀਬੀ ਸਾਹੋਕੇ ਦੀ ਜਿੱਤ 'ਤੇ ਮੋਹਰ ਲਾਈ

■ ਵੱਡੇ ਵਰਕਰਾਂ ਦੇ ਇਕੱਠ ਦਾ ਭੋਲਾ ਸਿੰਘ ਬਰਾੜ ਵੱਲੋਂ ਧੰਨਵਾਦ

ਬਾਘਾ ਪੁਰਾਣਾ (ਮਨੀ ਸਿੰਗਲਾ)

2022 ਦੀਆਂ ਵਿਧਾਨ ਸਭਾ ਚੋਣਾ ਤੋਂ ਪਹਿਲਾਂ ਕਾਂਗਰਸ ਪਾਰਟੀ ਵਿੱਚ ਵੱਖ-ਵੱਖ ਅਹੁਦਿਆਂ 'ਤੇ ਆਪਣੀਆਂ ਸੇਵਾਵਾਂ ਨਿਭਾਉਣ ਵਾਲੇ ਕਾਂਗਰਸ ਪਾਰਟੀ ਦੇ ਟਕਸਾਲੀ ਆਗੂ ਭੋਲਾ ਸਿੰਘ ਬਰਾੜ ਸਮਾਧ ਭਾਈ, ਜੋ ਵੱਖ-ਵੱਖ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਹਾਈ ਕਮਾਂਡ ਤੋਂ ਹਲਕਾ ਬਾਘਾ ਪੁਰਾਣਾ ਤੋਂ ਵਿਧਾਨ ਸਭਾ ਚੋਣ ਲੜਨ ਲਈ ਟਿਕਟ ਦੀ ਦਾਅਵੇਦਾਰੀ ਜਿਤਾਉਂਦੇ ਰਹੇ, ਪਰ ਪਾਰਟੀ ਵੱਲੋਂ ਟਿਕਟ ਨਾ ਦਿੱਤੇ ਜਾਣ ਦੇ ਬਾਅਦ 2022 ਦੀਆਂ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਨੂੰ ਬਾਗੀਸੁਰ ਦਿਖਾ ਕੇ ਕਿਸਾਨ ਸਭਾ ਵੱਲੋਂ ਚੋਣ ਲੜਨ ਵਾਲੇ ਭੋਲਾ ਸਿੰਘ ਸਮਾਧ ਭਾਈ ਨੇ ਮੁੜ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਵਿੱਚ ਵੱਖ-ਵੱਖ ਪਾਰਟੀ ਆਗੂਆਂ ਦੀ ਹਾਜ਼ਰੀ ਵਿੱਚ ਮੁੜ ਕਾਂਗਰਸ 'ਚ ਸ਼ਾਮਲ ਹੋਏ ਅਤੇ ਇਸ ਉਪਰੰਤ ਭੋਲਾ ਸਿੰਘ ਬਰਾੜ ਸਮਾਧ ਭਾਈ ਨੇ ਕਾਂਗਰਸ ਪਾਰਟੀ ਵੱਲੋਂ ਲੋਕ ਸਭਾ ਹਲਕਾ ਫਰੀਦਕੋਟ ਤੋਂ ਉਤਾਰੇ ਗਏ ਉਮੀਦਵਾਰ ਬੀਬੀ ਅਮਰਜੀਤ ਸਿੰਘ ਕੌਰ ਸਾਹੋਕੇ ਦਾ ਸਮਰਥਨ ਕਰਨ ਦਾ ਵੀ ਐਲਾਨ ਕੀਤਾ।ਮੁੜ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਲਈ ਭੋਲਾ ਸਿੰਘ ਸਮਾਧ ਭਾਈ ਵੱਲੋਂ ਰੱਖੀ ਗਈ ਛੋਟੀ ਜਿਹੀ ਵਰਕਰ ਮਿਲਣੀ ਵਿੱਚ ਹੋਏ ਬੇ-ਅਥਾਹ ਇਕੱਠ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਭੋਲਾ ਸਿੰਘ ਸਮਾਧ ਭਾਈ ਦਾ ਹਲਕਾ ਬਾਘਾ ਪੁਰਾਣਾ ਵਿੱਚ ਹੀ ਨਹੀਂ ਸਗੋਂ ਮੋਗਾ ਜ਼ਿਲ੍ਹੇ ਵਿੱਚ ਵੱਡਾ ਜਨ ਅਧਾਰ ਹੈ, ਜਿਸ ਕਰ ਕੇ ਦਿੱਤੇ ਗਏ ਛੋਟੇ ਸੱਦੇ ਦੌਰਾਨ ਵਰਕਰ ਮਿਲਣੀ ਇੱਕ ਰੈਲੀ ਦਾ ਰੂਪ ਧਾਰਨ ਕਰ ਗਈ। ਅੱਜ ਭੋਲਾ ਸਿੰਘ ਸਮਾਧ ਭਾਈ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਪਣੇ ਉਨ੍ਹਾਂ ਸਾਰੇ ਸਮਰਥਕਾਂ ਤੇ ਉਸ

14-MAY-PAGE-8.qxd 5/13/2024 10:47 PM Page 1

ਚਕਮਾ ਦੇ ਕੇ ਬੈਂਸ ਦੀ ਕੋਠੀ ਅੱਗੇ ਬੈਠੇ ਬੇਰੁਜ਼ਗਾਰਾਂ ਕੀਤੀ ਨਾਅਰੇਬਾਜ਼ੀ

ਨੰਗਲ (ਸੁਰਜੀਤ ਸਿੰਘ)- ਮੰਗ ਪੱਤਰ ਦੇਣ ਪਹੁੰਚੇ ਬੇਰੁਜ਼ਗਾਰਾਂ ਨੇ ਪ੍ਰਸ਼ਾਸਨ ਅਤੇ ਸਿੱਖਿਆ ਮੰਤਰੀ ਦੀ ਬੇਰੁਖੀ ਤੋਂ ਅੱਕ ਕੇ ਸਥਾਨਕ ਪ੍ਰਸ਼ਾਸਨ ਨੂੰ ਚਕਮਾ ਦੇ ਕੇ ਸਿੱਖਿਆ ਮੰਤਰੀ ਹਰਜੋਤ ਬੈਂਸ ਦੀ ਕੋਠੀ ਅੱਗੇ ਧਰਨਾ ਦੇ ਕੇ ਨਾਹਰੇਬਾਜ਼ੀ ਕਰ ਦਿੱਤੀ। ਪਤਾ ਲੱਗਣ 'ਤੇ ਪ੍ਰਸ਼ਾਸਨ ਨੂੰ ਹੱਥਾਂ ਪੈਰਾਂ ਦੀ ਪੈ ਗਈ ਤਾਂ ਤੁਰੰਤ ਸਿਵਲ ਅਧਿਕਾਰੀਆਂ ਨਾਲ ਰਾਬਤਾ ਕਰਕੇ ਮਾਹੌਲ ਨੂੰ ਸ਼ਾਂਤ ਕੀਤਾ। ਬੇਰੁਜ਼ਗਾਰ ਸਾਂਝਾ ਮੋਰਚਾ (ਬੀ ਐੱਡ ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ ਪੰਜਾਬ,ਓਵਰਏਜ ਬੇਰੁਜ਼ਗਾਰ ਯੂਨੀਅਨ ਪੰਜਾਬ, ਬੇਰੁਜ਼ਗਾਰ ਮਲਟੀਪਰਪਜ਼ ਹੈਲਥ ਵਰਕਰ ਯੂਨੀਅਨ ਪੰਜਾਬ, ਮੈਥ ਸਾਇੰਸ ਬੀ ਐੱਡ ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ ਪੰਜਾਬ, ਆਰਟ ਐੱਡ ਕਰਾਫਟ ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ, ਪੰਜਾਬ) ਵੱਲੋਂ ਮਾਸਟਰ ਕੇਡਰ ਦੇ ਸਾਰੇ ਵਿਸ਼ਿਆਂ ਦੀ ਵੱਡੀ ਗਿਣਤੀ ਵਿੱਚ ਉਮਰ ਹੱਦ ਵਿੱਚ ਛੋਟ ਦੇ ਕੇ ਭਰਤੀ ਕਰਨ, 55% ਦੀ ਸ਼ਰਤ ਸਦਾ ਲਈ ਰੱਦ ਕਰਨ, ਸਿਹਤ ਅਤੇ ਸਿੱਖਿਆ ਖੇਤਰ ਦੀਆਂ ਸਾਰੀਆਂ ਨੌਕਰੀਆਂ ਉਮਰ ਹੱਦ ਵਿੱਚ ਛੋਟ ਦੇ ਭਰਤੀ ਕਰਨ, ਮਲਟੀਪਰਪਜ਼ ਹੈਲਥ ਵਰਕਰ ਦੀਆਂ ਉਮਰ ਹੱਦ ਵਿੱਚ ਛੋਟ ਦੇ ਭਰਤੀ ਕਰਨ, 250 ਆਰਟ ਐੱਡ ਕਰਾਫਟ ਭਰਤੀ ਦਾ ਤੁਰੰਤ ਪੇਪਰ ਲੈਣ ਅਤੇ ਪ੍ਰਾਇਮਰੀ ਕੇਡਰ ਵਿੱਚ ਡਰਾਇੰਗ ਟੀਚਰਾਂ ਦੀਆਂ 2000 ਅਸਾਮੀਆਂ 'ਤੇ ਭਰਤੀ ਕਰਨ, ਲੈਕਚਰਾਰ ਕਾਡਰ ਦੇ ਸਾਰੇ ਵਿਸ਼ਿਆਂ ਦੀ ਭਰਤੀ ਦਾ ਤੁਰੰਤ ਇਸ਼ਤਿਹਾਰ ਜਾਰੀ ਕਰਨ, ਸਮਾਜਿਕ ਸਿੱਖਿਆ ਅਤੇ ਸਿੰਗਲ ਵਿਸ਼ਾ ਨੂੰ ਬਰਾਬਰ ਮੰਨ ਕੇ ਕਰਕੇ ਭਰਤੀ ਕਰਨ ਆਦਿ ਮੰਗਾਂ ਨੂੰ ਲੈ ਕੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਮਾਲਵਿੰਦਰ ਸਿੰਘ ਕੰਗ ਨੂੰ ਮੰਗ ਪੱਤਰ ਦੇਣ ਦਾ ਪ੍ਰੋਗਰਾਮ ਕਈ ਦਿਨ ਪਹਿਲਾਂ ਤੋਂ ਤੈਅ ਸੀ । ਜਿਸ ਸਬੰਧੀ ਪ੍ਰਿੰਟ ਮੀਡੀਆ ਅਤੇ ਸੋਸ਼ਲ ਮੀਡੀਆ ਵਿੱਚ ਇਹ ਚਰਚਾ ਦਾ ਵਿਸ਼ਾ ਬਣਾਇਆ ਹੋਇਆ ਸੀ। ਬੇਰੁਜ਼ਗਾਰ ਸਾਂਝਾ ਮੋਰਚਾ ਪੰਜਾਬ ਦੇ ਸੂਬਾ ਆਗੂ ਸੁਖਵਿੰਦਰ ਸਿੰਘ ਢਿਲਵਾਂ, ਰਮਨ ਕੁਮਾਰ ਮਲੋਟ, ਜਸਵੰਤ ਘੁਬਾਇਆ, ਹਰਜਿੰਦਰ ਸਿੰਘ ਝੁਨੀਰ, ਅਮਨਦੀਪ ਸਿੰਘ ਸੇਖਾ ਨੇ ਦੱਸਿਆ ਕਿ ਜਦੋਂ ਉਹ ਮੰਗ ਪੱਤਰ ਦੇਣ ਲਈ ਮੰਤਰੀ ਦੇ ਪਿੰਡ ਗੰਭੀਰਪੁਰ ਸਥਿਤ ਉਨ੍ਹਾਂ ਦੀ ਨਿੱਜੀ ਰਿਹਾਇਸ਼ ਉੱਤੇ ਪਹੁੰਚੇ ਤਾਂ ਸਿੱਖਿਆ ਮੰਤਰੀ ਬੈਂਸ, ਮਾਲਵਿੰਦਰ ਸਿੰਘ ਕੰਗ ਸਮੇਤ ਕੋਈ ਵੀ ਪ੍ਰਸ਼ਾਸਨਕ ਅਧਿਕਾਰੀ ਮੌਜੂਦ ਨਹੀਂ ਸਨ ਅਤੇ ਨਾ ਹੀ ਸਿੱਖਿਆ ਮੰਤਰੀ ਦੇ ਪਰਵਾਰ ਵੱਲੋਂ ਬੇਰੁਜਗਾਰਾਂ ਨੂੰ ਬੈਠਣ ਦਾ ਕੋਈ ਪੁਖਤਾ ਪ੍ਰਬੰਧ ਕੀਤਾ ਗਿਆ ਸੀ। ਇਸ ਤੋਂ ਅੱਕੇ ਬੇਰੁਜ਼ਗਾਰਾਂ ਵੱਲੋਂ ਸਿੱਖਿਆ ਮੰਤਰੀ ਦੀ ਕੋਠੀ ਅੱਗੇ ਤਪਦੀ ਧੁੱਪ ਵਿੱਚ ਗੇਟ ਅੱਗੇ ਬੈਠ ਕੇ ਨਾਹਰੇਬਾਜ਼ੀ ਕਰ ਦਿੱਤੀ ਤਾਂ ਇਸ ਤੋਂ ਪ੍ਰਸ਼ਾਸਨ ਹਰਕਤ ਵਿੱਚ ਆਇਆ। ਸਥਾਨਕ ਸਿਵਲ ਅਧਿਕਾਰੀ ਸਿੱਖਿਆ ਮੰਤਰੀ ਦੇ ਪੀ ਏ ਨੂੰ ਮੰਗ ਪੱਤਰ ਪ੍ਰਾਪਤ ਕੀਤਾ। ਇਸ ਮੌਕੇ ਰਣਵੀਰ ਸਿੰਘ ਨਦਾਮਪੁਰ, ਤੇਜਵੀਰ ਸਿੰਘ ਅਨੰਦਪੁਰ ਸਾਹਿਬ, ਕਿਰਨ ਭਾਰਤੀ, ਪਰਮਜੀਤ ਕੌਰ ਅਨੰਦਪੁਰ ਸਾਹਿਬ, ਗੁਰਸਰਨ ਕੌਰ ਅਨੰਦਪੁਰ ਸਾਹਿਬ, ਅਮਨਜੀਤ ਸਿੰਘ ਚਮਕੌਰ ਸਾਹਿਬ, ਅਵਤਾਰ ਸਿੰਘ ਨੂਰਪੁਰ ਬੇਦੀ, ਬਰਜਿੰਦਰ ਸਿੰਘ ਰੋਪੜ, ਹਰਨੇਕ ਸਿੰਘ ਗੜ੍ਹਸ਼ੰਕਰ, ਅਮਰਜੀਤ ਸਿੰਘ ਅਨੰਦਪੁਰ ਸਾਹਿਬ ਅਤੇ ਰਤਨਚੰਦ ਨੂਰਪੁਰ ਬੇਦੀ ਆਦਿ ਹਾਜ਼ਰ ਸਨ।

ਕ੍ਰਾਈਸਟ ਦਾ ਕਿੰਗ ਕਾਨਵੈਂਟ ਸਕੂਲ 'ਚ ਮਾਂ ਦਿਵਸ ਮਨਾਇਆ

ਭੁਲੱਥ (ਮਨਪ੍ਰੀਤ ਸਿੰਘ)-ਸਬ ਡਵੀਜ਼ਨ ਕਸਬਾ ਭੁਲੱਥ ਦੇ ਕ੍ਰਾਈਸਟ ਦਾ ਕਿੰਗ ਕਾਨਵੈਂਟ ਸਕੂਲ ਵਿਖੇ ਪ੍ਰਿੰਸੀਪਲ ਸਿਸਟਰ ਆਸ਼ੀਸ਼ ਦੀ ਅਗਵਾਈ ਵਿੱਚ ਮਾਂ ਦਿਵਸ ਮਨਾਇਆ ਗਿਆ । ਸਕੂਲ ਸਟਾਫ ਵੱਲੋਂ ਕੇਕ ਕੱਟ ਕੇ ਸ਼ੁਭਕਾਮਨਾਵਾਂ ਭੇਟ ਕੀਤੀਆਂ ਗਈਆਂ ।ਪ੍ਰਿੰਸੀਪਲ ਸਿਸਟਰ ਆਸ਼ੀਸ਼ ਨੇ ਕਿਹਾ ਕਿ ਮਾਂ ਦਾ ਰੁਤਬਾ ਸਮਾਜ ਅੰਦਰ ਤੇ ਪਰਵਾਰ ਅੰਦਰ ਬਹੁਤ ਹੀ ਸਤਿਕਾਰਯੋਗ ਵਿਸ਼ੇਸ਼ਤਾ ਰੱਖਦਾ ਹੈ।ਪਵਿਾਰ ਪ੍ਰਤੀ ਆਪਣੀਆਂ ਜਿੰਮੇਵਾਰੀਆਂ ਨੂੰ ਨਿਭਾਉਂਦੇ ਹੋਏ ਮਾਂ ਆਪਣੇ ਬੱਚਿਆਂ ਨੂੰ ਚੰਗੀ ਦਿਸ਼ਾ ਪ੍ਰਧਾਨ ਕਰਦੀ ਹੈ । ਬੱਚੇ ਮੁੱਢਲੀ ਸਿੱਖਿਆ ਆਪਣੀ ਮਾਂ ਪਾਸੋਂ ਹੀ ਪ੍ਰਾਪਤ ਕਰਦੇ ਹਨ । ਉਹਨਾਂ ਕਿਹਾ ਕਿ ਜਿੰਨੀਆਂ ਵੀ ਮਹਾਨ ਸ਼ਖਸੀਅਤਾਂ ਪੈਦਾ ਹੋਈਆਂ ਹਨ, ਉਹਨਾਂ ਨੂੰ ਮਾਂ ਦੇ ਪਿਆਰ ਤੋਂ ਹੀ ਚੰਗੀ ਸਿੱਖਿਆ ਹਾਸਿਲ ਕਰਨ ਦਾ ਮੌਕਾ ਮਿਲਿਆ ਹੈ। ਜਿਸ ਕਰਕੇ ਬੱਚਿਆਂ ਨੂੰ ਆਪਣੀਆਂ ਮਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਾਈਸ ਪ੍ਰਿੰਸੀਪਲ ਸਿਸਟਰ ਪ੍ਰੀਤੀ, ਸਿਸਟਰ ਇਲਿਨ, ਸਟਾਫ ਸਕੱਤਰ ਪੂਜਾ ਰਾਣੀ, ਸਿਵਾਨੀ, ਸਰਬਜੀਤ ਕੌਰ, ਮਨੋਰਮਾ, ਸ਼ਾਲਿਨੀ, ਕੁਲਦੀਪ ਕੌਰ, ਰੇਨੂ ਰਤਨ ਤੇ ਹੋਰ ਸਟਾਫ ਹਾਜ਼ਰ ਸੀ।

ਚੀਮਾ ਵੱਲੋਂ ਖਡੂਰ ਸਾਹਿਬ ਤੋਂ ਕਾਂਗਰਸੀ ਉਮੀਦਵਾਰ ਦੇ ਹੱਕ 'ਚ ਵੱਡੀ ਮੀਟਿੰਗ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)-ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਦੇ ਹੱਕ ਵਿੱਚ ਵਿਧਾਨ ਸਭਾ ਹਲਕਾ ਸੁਲਤਾਨਪੁਰ ਲੋਧੀ ਤੋਂ ਸਾਬਕਾ ਕਾਂਗਰਸੀ ਵਿਧਾਇਕ ਨਵਤੇਜ ਸਿੰਘ ਚੀਮਾ ਵੱਲੋਂ ਰੱਖੀ ਗਈ ਮੀਟਿੰਗ ਵਿੱਚ ਕਾਂਗਰਸ ਪਾਰਟੀ ਦੇ ਵਰਕਰਾਂ ਅਤੇ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ। ਇਹ ਮੀਟਿੰਗ ਬਹੁਤ ਹੀ ਪ੍ਰਭਾਵਸ਼ਾਲੀ ਰਹੀ। ਜਿਸ ਵਿੱਚ ਵੱਡੀ ਗਿਣਤੀ ਵਿੱਚ ਹਲਕਾ ਵਰਕਰ ਪਹੁੰਚੇ।ਚੀਮਾ ਨੇ ਸੰਬੋਧਨ ਕਰਦਿਆਂ ਕਿਹਾ ਕਾਂਗਰਸੀ ਉਮੀਦਵਾਰ ਦੇ ਹੱਕ ਵਿੱਚ ਅਸੀਂ ਹਲਕਾ ਸੁਲਤਾਨਪੁਰ ਲੋਧੀ ਦੇ ਵੱਖ ਵੱਖ ਪਿੰਡਾਂ ਵਿੱਚ ਨੁਕੜ ਮੀਟਿੰਗਾਂ ਕੀਤੀਆਂ ਹਨ ਤੇਂ ਕਾਂਗਰਸ ਪਾਰਟੀ ਦੇ ਉਮੀਦਵਾਰ ਨੂੰ ਜਿਤਾਉਣ ਦਾ ਪ੍ਰਣ ਕੀਤਾ।ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਇੰਡੀਆ ਗੱਠਜੋੜ ਦੀ ਜਿੱਤ ਹੋਵੇਗੀ ਅਤੇ ਦੇਸ਼ ਵਿੱਚ ਸਰਕਾਰ ਬਣੇਗੀ। ਕਾਂਗਰਸ ਪਾਰਟੀ 140 ਸਾਲ ਪੁਰਾਣੀ ਪਾਰਟੀ ਹੈ, ਕਾਂਗਰਸ ਪਾਰਟੀ ਨੇ ਦੇਸ਼ ਵਿੱਚ ਬਹੁਤ ਵੱਡੇ-ਵੱਡੇ ਕੰਮ ਕੀਤੇ ਹਨ।ਮੋਦੀ ਸਰਕਾਰ ਪੰਜਾਬ ਨੂੰ ਬਰਬਾਦ ਕਰਨ ਦੀ ਤੁਲੀ ਹੋਈ ਹੈ। ਕਿਸਾਨ ਮਜ਼ਦੂਰ ਅਤੇ ਵਪਾਰੀ ਸੜਕਾਂ 'ਤੇ ਰੁਲ ਰਿਹਾ ਹੈ ਮੁਲਾਜ਼ਮ ਵਰਗ ਦੀਆਂ ਪੈਨਸ਼ਨਾਂ ਖਤਮ ਕਰ ਦਿੱਤੀਆਂ ਹਨ।ਕੇਂਦਰ ਵਿਚ ਉਨ੍ਹਾਂ ਦੀ ਸਰਕਾਰ ਬਣਨ 'ਤੇ ਗਰੀਬਾਂ, ਮਜ਼ਦੂਰਾਂ ਤੇ ਕਿਸਾਨਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇਗਾ। ਹਰ ਪੜ੍ਹੇ ਲਿਖੇ ਨੌਜਵਾਨ ਨੂੰ ਸਾਲਾਨਾ ਇਕ ਲੱਖ ਰੁਪਏ ਦੀ ਅਪ੍ਰੈਂਟਸਸ਼ਿਪ ਦਿੱਤੀ ਜਾਵੇਗੀ ਅਤੇ ਮਨਰੇਗਾ ਮਜ਼ਦੂਰਾਂ ਦੀ ਦਿਹਾੜੀ, ਆਂਗਨਵਾੜੀ ਵਰਕਰਾਂ, ਮਿਡ ਡੇ ਮੀਲ ਤੇ ਆਸ਼ਾ ਵਰਕਰਾਂ ਦੀ ਦਿਹਾੜੀ ਵਧਾਈ ਜਾਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਮੇਸ਼ ਡਡਵਿੰਡੀ ਸਾਬਕਾ ਜ਼ਿਲ੍ਹਾ ਪ੍ਰਧਾਨ ਕਾਂਗਰਸ, ਹਰਜਿੰਦਰ ਸਿੰਘ ਜਿੰਦਾ ਵਾ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ, ਨਰਿੰਦਰ ਸਿੰਘ ਪੰਨੂ ਬਲਾਕ ਪ੍ਰਧਾਨ, ਗੁਰਿੰਦਰਪਾਲ ਸਿੰਘ ਭੁੱਲਰ ਬਲਾਕ ਪ੍ਰਧਾਨ, ਮੁਖਤਾਰ ਸਿੰਘ ਬਲਾਕ ਪ੍ਰਧਾਨ, ਬਲਦੇਵ ਸਿੰਘ ਰੰਗੀਨਪੁਰ ਸੰਮਤੀ ਮੈਂਬਰ,ਨਰਿੰਦਰ ਸਿੰਘ ਵਾ ਜ਼ਿਲ੍ਹਾ ਪ੍ਰਧਾਨ, ਪਰਮਿੰਦਰ ਸਿੰਘ ਪਿੰਦਾ ਵਾ ਜ਼ਿਲ੍ਹਾ ਪ੍ਰਧਾਨ , ਅਮਰ ਸਿੰਘ ਮੰਡ ਜ਼ਿਲ੍ਹਾ ਪ੍ਰਧਾਨ ਕਿਸਾਨ ਸੈਲ ਕਾਂਗਰਸ, ਕੁਲਦੀਪ ਸਿੰਘ ਸਰਪੰਚ ਡਡਵਿੰਡੀ, ਮਹਿੰਦਰਪਾਲ ਸਿੰਘ ਸਰਪੰਚ ਮੁਹਬਲੀਪੁਰ, ਰੌਕੀ ਸ਼ਾਹ ਮੈਂਬਰ ਬਲਾਕ ਸੰਮਤੀ ਤਲਵੰਡੀ ਬਲਦੇਵ ਸਿੰਘ ਤਲਵੰਡੀ ,ਰੁਪਿੰਦਰ ਸੇਠੀ, ਗੁਰਪ੍ਰੀਤ ਸਿੰਘ ਸਰਪੰਚ ਫੌਜੀ ਕਲੋਨੀ, ਬਲਕਾਰ ਸਿੰਘ ਭਲਵਾਨ ਹਰਨਾਮ ਪੁਰ, ਅਮਰਜੀਤ ਸਿੰਘ ਸ਼ਾਲਾਪੁਰ ਬੇਟ, ਤਜਿੰਦਰ ਸਿੰਘ ਧੰਜੂ , ਕੁਲਦੀਪ ਸਿੰਘ ਸ਼ਾਹ, ਸਾਹਿਬ ਸਿੰਘ ਭੁੱਲਰ, ਬਲਵਿੰਦਰ ਸਿੰਘ ਬੰਬ, ਗੁਰਮੇਜ਼ ਮੈਂਬਰ, ਜੋਗਿੰਦਰ ਸਵਾਮੀ, ਤਰਲੋਕ ਸਿੰਘ ਬੂਹ, ਮਨਪ੍ਰੀਤ ਸਿੰਘ ਬੂਹ, ਐਡ.ਜਰਨੈਲ ਸਿੰਘ ਸੰਧਾ,ਭਗਵਾਨ ਸਿੰਘ ਸੰਧੂ ਮਹਿਜੀਤਪੁਰ, ਜਤਿੰਦਰ ਪਾਲ ਰਾਜੂ, ਅੰਗਰੇਜ ਸਿੰਘ ਢਿੱਲੋਂ, ਲਾਲ ਸਿੰਘ ਢਿੱਲੋਂ, ਸੁਖਮਨ ਧਾਲੀਵਾਲ, ਹਰਮਨ ਅਲੂਵਾਲ, ਕੁਲਦੀਪ ਸਿੰਘ ਸੇਖੋਂ ਅਲੂਵਾਲ, ਇੰਦਰਜੀਤ ਸਿੰਘ ਲਿਫਟਰ ਸੰਮਤੀ ਮੈਂਬਰ ਟਿੱਬਾ, ਲਖਵਿੰਦਰ ਸਿੰਘ ਸਰਪੰਚ ਸੈਦਪੁਰ, ਮਾਸਟਰ ਬਲਬੀਰ ਸਿੰਘ ਸੈਦਪੁਰ, ਪ੍ਰੋਫ਼ ਵਿਜੈ ਬਾਂਸਲ ਜੀ, ਜਤਿੰਦਰ ਕੁਮਾਰ ਰਾਮ, ਧਰਮਿੰਦਰ ਸ਼ਰਮਾ, ਚਰਨਜੀਤ ਸ਼ਰਮਾ, ਸੁਖਵਿੰਦਰ ਸਿੰਘ ਅਮਾਨੀਪੁਰ, ਸੋਨੂੰ ਅਮਾਨੀਪੁਰ,ਜਸਵਿੰਦਰ ਸਿੰਘ ਸ਼ਿੰਦੂ ਦੇਦੂਪੁਰ ,ਮਾਸਟਰ ਗੁਰਮੇਜ ਸ਼ਾਹ, ਅਮ੍ਰਿਤਪਾਲ ਸਿੰਘ, ਬਲਜਿੰਦਰ ਸਿੰਘ ਪੀ.ਏ. ਆਦਿ ਹਾਜ਼ਰ ਸਨ।

ਔਰਤਾਂ ਨੂੰ ਇਨਸਾਫ ਲੈਣ ਲਈ ਹੋਣਾ ਪਵੇਗਾ ਇੱਕਮੁੱਠ : ਸੁਭਾਸ਼ ਮੱਟੂ

ਨੰਗਲ (ਸੁਰਜੀਤ ਸਿੰਘ)-ਮਾਂ ਦਿਵਸ ਦੇ ਮੌਕੇ ਜਨਵਾਦੀ ਇਸਤਰੀ ਸਭਾ ਜ਼ਿਲਾ ਰੋਪੜ ਦੀ ਇੱਕ ਭਰਵੀਂ ਮੀਟਿੰਗ ਸਥਾਨਕ ਭੜੋਲੀਆਂ ਭਵਨ ਵਿੱਚ ਸਰਪੰਚ ਕੁਸ਼ੱਲਿਆ ਦੇਵੀ ਦੀ ਪ੍ਰਧਾਨਗੀ

ਹੇਠ ਹੋਈ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਜਨਵਾਦੀ ਜਨਵਾਦੀ ਇਸਤਰੀ ਸਭਾ ਦੀ ਸੁਬਾਈ ਮੀਤ ਪ੍ਰਧਾਨ ਬੀਬੀ ਸੁਭਾਸ਼ ਮੱਟੂ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਵਿੱਚ ਔਰਤਾਂ ਨੇ ਬਹੁਤ ਵੱਡੀ ਭੂਮਿਕਾ ਅਦਾ ਕੀਤੀ।ਪਰ ਅੱਜ ਆਜ਼ਾਦੀ ਦੇ 77 ਸਾਲਾਂ ਬਾਅਦ ਔਰਤਾਂ ਦੇ ਤਰ੍ਹਾਂ ਤਰ੍ਹਾਂ ਤੇ ਜ਼ਬਰ ਜ਼ੁਲਮ ਵੱਧ ਰਹੇ ਹਨ।ਜਿਸ ਦਾ ਟਾਕਰਾ ਇੱਕਮੁੱਠ ਹੋ ਕੇ ਹੀ ਕੀਤਾ ਜਾ ਸਕਦਾ ਹੈ। ਉਹਨਾਂ ਨੇ ਕਿਹਾ ਕਿ ਦੇਸ਼ ਵਿੱਚ ਅੱਜ ਤੱਕ ਜੋ ਵੀ ਦੌਰੀ ਫ਼ਸਾਦ ਹੋਏ ਤਾਂ ਉਹਨਾਂ ਵਿੱਚ ਔਰਤਾਂ ਨੂੰ ਵੀ ਮੁੱਖ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ।ਉਹਨਾਂ ਨੇ ਇਹ ਵੀ ਕਿਹਾ ਕਿ ਔਰਤਾਂ ਸੁਰੱਖਿਅਤ ਨਹੀਂ ਹਨ। ਅੱਜ ਤੱਕ ਕੇਂਦਰ ਸਰਕਾਰਾਂ ਨੇ ਔਰਤਾਂ ਦੀ ਭਲਾਈ ਲਈ ਕੋਈ ਵੀ ਕਦਮ ਨਹੀਂ ਚੁੱਕਿਆ। ਅੱਜ ਸਿੱਖਿਆ, ਇਲਾਜ਼ ਮਹਿੰਗਾ ਹੋ ਰਿਹਾ ਹੈ ।ਬੇਰੁਜ਼ਗਾਰੀ ਵਿੱਚ ਭਾਰੀ ਵਾਧਾ ਹੋ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਧਰਮਨਿਰਪੱਖ ਉਮੀਦਵਾਰਾਂ ਨੂੰ ਜਿਤਾਇਆ ਜਾਵੇ। ਫਿਰਕੂ ਭਾਜਪਾ ਨੂੰ ਹਰਾਉਣ ਵਿੱਚ ਇਸਤਰੀ ਸਭਾ ਕੋਈ ਕਸਰ ਬਾਕੀ ਨਾ ਛੱਡੇ। ਇਸ ਮੌਕੇ ਤੇ ਸੱਤ ਮੈਂਬਰੀ ਐਡਹਾਕ ਕਮੇਟੀ ਬਣਾਈ ਗਈ ਜੋ ਜ਼ਿਲ੍ਹੇ ਵਿੱਚ ਇਸਤਰੀਆਂ ਨੂੰ ਲਾਮਬੰਦ ਕਰੇਗੀ। ਇਸ ਕਮੇਟੀ ਦੇ ਮੈਂਬਰ ਰਮਨਦੀਪ ਕੌਰ ਢਿੱਲੋਂ, ਸਰਪੰਚ ਕੁਸੱਲਿਆ ਦੇਵੀ, ਬਲਵੰਤ ਕੌਰ ਭੰਗਲ, ਮਮਤਾ ਦੇਵੀ,ਸੁਰਿੰਦਰ ਕੌਰ ਨੰਗਲ, ਪਰੋਮਿਲਾ ਦੇਵੀ ਅਤੇ ਰੰਜਨਾ ਨੂੰ ਮੈਂਬਰ ਲਿਆ ਗਿਆ।ਹਿਮਾਚਲ ਸੀਟੂ ਦੇ ਆਗੂ ਵਿਜੇ ਸ਼ਰਮਾ, ਕੁਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਢੇਰ, ਜਸਵਿੰਦਰ ਸਿੰਘ ਭੰਗਲ, ਬਸਿੰਦਰ ਪੰਡਿਤ, ਸੇਵਾ ਮੁਕਤ ਪ੍ਰਿੰਸੀਪਲ ਕੁਲਵੰਤ ਪਾਠਕ ਨੇ ਵੀ ਆਪਣੇ ਵਿਚਾਰ ਰੱਖੇ।ਇਸ ਮੌਕੇ 'ਤੇ ਹਰਪ੍ਰੀਤ ਕੌਰ ਕਲਿੱਤਰਾ, ਹਰਜੀਤ ਕੌਰ ਜਿੰਦਵੜੀ, ਅੰਤਰਜੀਤ ਕੌਰ ਅਟਵਾਲ, ਸੁਰਿੰਦਰ ਕੌਰ ਸਵੈਚ,ਅੰਜੂ ਸ਼ਰਮਾ, ਲਵਪ੍ਰੀਤ ਕੌਰ, ਸਰਬਜੀਤ ਕੌਰ ਨੰਗਲੀ,ਰਾਣੀ,ਰਾਜ ਰਾਣੀ,ਊਮਾ ਦੇਵੀ ਚੱਕ ਕਰਮਾ,ਸਾਹਿਬਾ, ਗੁਰਮੀਤ ਕੌਰ ਘਨੌਲਾ,ਸਤਨਾਮ ਸਿੰਘ, ਸਰਪੰਚ ਰਜਿੰਦਰ ਸਿੰਘ ਡੋਡ , ਜਸਵਿੰਦਰ ਸਿੰਘ ਵਡਿਅਲ, ਕੁਲਵੀਰ ਕੌਰ ਸਮੇਤ ਔਰਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਇਨਕਲਾਬੀ ਸ਼ਾਇਰ ਸੁਰਜੀਤ ਪਾਤਰ ਦੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ।

ਨਰਸਿੰਗ ਡੇ ਤੇ ਮਦਰ ਦਿਵਸ ਧੂਮਧਾਮ ਨਾਲ ਮਨਾਇਆ

ਮੋਹਣੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਕੋਟ ਫਤੂਹੀ ਮੰਹਨਾਣਾ ਰੋਡ 'ਤੇ ਐਸ ਜੀ ਆਰ ਹਸਪਤਾਲ ਵਿਖੇ ਮੀਟਿੰਗ ਡਾਕਟਰ ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫਤੂਹੀ ਦੀ ਅਗਵਾਈ ਹੇਠ ਨਰਸਿੰਗ ਡੇ ਅਤੇ ਮਦਰ ਦਿਵਸ ਧੂਮਧਾਮ ਨਾਲ ਮਨਾਇਆ ਗਿਆ।ਇਸ ਮੌਕੇ ਡਾਕਟਰ ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫਤੂਹੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਰਸਿੰਗ ਡੇ ਅਤੇ ਮਦਰ ਦਿਵਸ ਸਬੰਧੀ ਭਰਪੂਰ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਨਰਸਿੰਗ ਹਸਪਤਾਲ ਦੀਆ ਬਾਹਾਂ ਹੁੰਦੀਆਂ ਹਨ। ਇਸੇ ਤਰ੍ਹਾਂ ਮਦਰ ਦਿਵਸ ਸਬੰਧੀ ਸਟਾਫ ਅਤੇ ਪੱਤਵੰਤੇ ਸੱਜਣਾਂ ਨੂੰ ਜਾਣਕਾਰੀ ਦਿੱਤੀ।ਇਸ ਮੌਕੇ ਡਾਕਟਰ ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫਤੂਹੀ, ਸੀ ਈ ਉ ਡਾਕਟਰ ਵਿਸ਼ਾਲ ਭੱਲਾ, ਡਾਕਟਰ ਮਮਤਾ ਹੀਰਾ ਇਸਤਰੀ ਰੋਗਾਂ ਦੇ ਮਾਹਿਰ ਡਾਕਟਰ ਕੋਟ ਫਤੂਹੀ, ਡਾਕਟਰ ਭੁਪਿੰਦਰ ਕੁਮਾਰ, ਡਾਕਟਰ ਗਗਨਦੀਪ ਸਿੰਘ ਗੋਪਾਲੀਆ, ਅਨੁਰਾਧਾ, ਰੋਹਿਤ ਕੁਮਾਰ, ਦਵਿੰਦਰ ਕੌਰ, ਗੁ

14-May-PAGE-9.qxd 5/13/2024 10:47 PM Page 1

ਮੰਗਾਂ ਪ੍ਰਵਾਨ ਨਹੀਂ ਤਾਂ ਇਸ ਵਾਰ ਵੋਟ ਵੀ ਨਹੀਂ ਮਿਲੇਗੀ : ਪੰਜਾਬ ਪੈਨਸ਼ਨਰ ਯੂਨੀਅਨ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਪੰਜਾਬ ਪੈਨਸ਼ਨਰ ਯੂਨੀਅਨ ਹੁਸ਼ਿਆਰਪੁਰ ਦੀ ਮਹੀਨਾਵਾਰ ਮੀਟਿੰਗ ਕੁਲਦੀਪ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਪਾਰਟੀ ਦਫਤਰ ਵਿਖੇ ਹੋਈ। ਮੀਟਿੰਗ ਦੀ ਸ਼ੁਰੂਆਤ ਵਿੱਚ ਮੁੱਖ ਬੁਲਾਰੇ ਜਗਜੀਤ ਸਿੰਘ ਜੱਗੀ ਡਿਪਟੀ ਜਨਰਲ ਸਕੱਤਰ, ਅਮਰੀਕ ਸਿੰਘ ਜਨਰਲ ਸਕੱਤਰ ਅਤੇ ਬਿੱਕਰ ਸਿੰਘ ਨੇ ਮੁਲਾਜ਼ਮ ਪੈਨਸ਼ਨਰਜ਼ ਦੀਆਂ ਲਟਕਦੀਆਂ ਮੰਗਾਂ ਦਾ ਜ਼ਿਕਰ ਕੀਤਾ ਅਤੇ ਸਰਕਾਰ ਵਿਰੁੱਧ ਮੁਰਦਾਬਾਦ ਦੇ ਨਾਅਰਿਆਂ ਨਾਲ ਮੀਟਿੰਗ ਹਾਲ ਗੂੰਜ ਉੱਠਿਆ। ਪੈਨਸ਼ਨਰ ਆਗੂਆਂ ਨੇ ਕੇਂਦਰ ਦੀ ਭਾਜਪਾ ਸਰਕਾਰ ਅਤੇ ਪੰਜਾਬ ਦੀ ਮਾਨ ਸਰਕਾਰ ਨੂੰ ਮੁਲਾਜ਼ਮ ਵਿਰੋਧੀ ਦੱਸਿਆ ਤੇ ਕਿਹਾ ਕਿ ਭਗਵੰਤ ਮਾਨ ਮੁੱਖ ਮੰਤਰੀ ਬਣ ਕੇ ਕਹਿ ਰਿਹਾ ਹੈ ਕਿ ਅਸੀਂ ਤਾਂ ਪੁਰਾਣੀ ਪੈਨਸ਼ਨ ਦੇਣ ਲਈ ਤਿਆਰ ਹਾਂ ਪਰ ਕੇਂਦਰ ਸਰਕਾਰ ਮੁਲਾਜ਼ਮਾਂ ਦੇ ਜਮਾ ਫੰਡ ਦੇਣ ਤੋਂ ਇਨਕਾਰੀ ਹੈ। ਪੈਨਸ਼ਨਰ ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਕੇਂਦਰ ਪਾਸ ਜੋ ਰਕਮ ਪਈ ਹੈ ਉਸ ਨੂੰ ਵੀ ਰਹਿਣ ਦਿਓ, ਤੁਸੀਂ ਮੁਲਾਜ਼ਮਾਂ ਦੇ ਜੀਪੀ ਫੰਡ ਖਾਤੇ ਖੋਲ ਕੇ ਜੀਪੀ ਫੰਡ ਮੁਲਾਜ਼ਮਾਂ ਦੇ ਖਾਤੇ ਵਿੱਚ ਪਾਓ ਤਾਂ ਜੋ ਪੰਜਾਬ ਸਰਕਾਰ ਕੋਲ ਰੈਵੀਨਿਊ ਆ ਸਕੇ। ਮੁਲਾਜ਼ਮਾਂ/ਪੈਨਸ਼ਨਰਜ ਦੀਆਂ ਬਾਕੀ ਮੰਗਾਂ ਜਿਵੇਂ ਕਿ 1-1-16 ਤੋਂ ਤਨਖਾਹ ਕਮਿਸ਼ਨ ਦਾ ਬਕਾਇਆ, ਪੈਨਸ਼ਨ ਦਾ ਗੁਣਾਕ 2.59, ਡੀ.ਏ. ਦੀਆਂ ਰਹਿੰਦੀਆਂ ਤਿੰਨ ਕਿਸ਼ਤਾਂ ਦੀ ਵੀ ਪੈਨਸ਼ਨਰ ਵੱਲੋਂ ਮੰਗ ਕੀਤੀ ਗਈ ਅਤੇ ਨਾਲ ਹੀ ਚੇਤਾਵਨੀ ਦਿੱਤੀ ਕਿ ਜੇਕਰ ਮੰਗਾਂ ਪ੍ਰਵਾਨ ਨਹੀਂ ਤਾਂ ਇਸ ਵਾਰ ਵੋਟ ਵੀ ਨਹੀਂ ਮਿਲੇਗੀ, ਸਿੱਟੇ ਭੁਗਤਣ ਲਈ ਤਿਆਰ ਰਹੋ। ਉਪਰੋਕਤ ਤੋਂ ਇਲਾਵਾ ਮੀਟਿੰਗ ਵਿੱਚ ਗੁਰਮੀਤ ਸਿੰਘ, ਓਕਾਰ ਸਿੰਘ, ਦਵਿੰਦਰ ਸਿੰਘ, ਬਲਦੇਵ ਸਿੰਘ, ਸੁਰਿੰਦਰ ਸਿੰਘ, ਸੁਰਜੀਤ ਸਿੰਘ, ਅਰਜਨ ਸਿੰਘ, ਬੂਟਾ ਸਿੰਘ, ਗੁਰਬਚਨ ਸਿੰਘ, ਪ੍ਰਿੰਸੀਪਲ ਚਰਨ ਸਿੰਘ, ਗੁਰਦੇਵ ਸਿੰਘ, ਗਿਆਨ ਸਿੰਘ, ਨੱਥੂ ਰਾਮ, ਸੰਤੋਖ ਸਿੰਘ, ਬਲਵੀਰ ਸਿੰਘ, ਕੇਵਲ ਕਿਸ਼ਨ, ਸੁਰਿੰਦਰ ਸਿੰਘ, ਮਹਿੰਦਰ ਸਿੰਘ ਆਦਿ ਹਾਜ਼ਰ ਸਨ।

ਬਿੱਟੂ ਦੀ ਸਰਕਾਰੀ ਰਿਹਾਇਸ਼ ਦੇ ਨੋ ਡਿਊ ਸਰਟੀਫਿਕੇਟ ਬਾਰੇ ਪ੍ਰਮੁੱਖ ਸਕੱਤਰ ਤੋਂ ਰਿਪੋਰਟ ਮੰਗੀ

ਚੰਡੀਗੜ੍ਹ, (ਗੁਰਜੀਤ ਬਿੱਲਾ)- ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਵੱਲੋਂ ਦਰਜ ਕਰਵਾਈ ਸ਼ਿਕਾਇਤ ਬਾਰੇ ਸਥਾਨਕ ਸਰਕਾਰਾਂ ਵਿਭਾਗ, ਪੰਜਾਬ ਦੇ ਪ੍ਰਮੁੱਖ ਸਕੱਤਰ ਤੋਂ ਰਿਪੋਰਟ ਮੰਗੀ ਹੈ। ਇਸ ਸ਼ਿਕਾਇਤ 'ਚ ਰਵਨੀਤ ਸਿੰਘ ਬਿੱਟੂ ਦਾ ਕਹਿਣਾ ਹੈ ਕਿ ਨਗਰ ਨਿਗਮ ਕਮਿਸ਼ਨਰ ਨੇ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਉਨ੍ਹਾਂ ਨੂੰ ਨੋ ਡਿਊ ਸਰਟੀਫਿਕੇਸ਼ਨ (ਐਨ ਡੀ ਸੀ) ਜਾਰੀ ਨਹੀਂ ਕੀਤਾ ਅਤੇ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕੀਤੀ ਹੈ। ਜਿਰਕਰਯੋਗ ਹੈ ਕਿ ਰਵਨੀਤ ਸਿੰਘ ਬਿੱਟੂ ਨੇ ਬਿਨੈ-ਪੱਤਰ ਜਮ੍ਹਾਂ ਕਰਨ ਦੇ 48 ਘੰਟਿਆਂ ਦੇ ਅੰਦਰ-ਅੰਦਰ ਲੁਧਿਆਣਾ ਦੇ ਮਿਉਂਸਪਲ ਕਮਿਸ਼ਨਰ ਵੱਲੋਂ ਐਨ ਡੀ ਸੀ ਜਾਰੀ ਨਾ ਕੀਤੇ ਜਾਣ ਸੰਬੰਧੀ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੂੰ ਸ਼ਿਕਾਇਤ ਦਿੱਤੀ ਸੀ, ਜਿਸ 'ਚ ਉਨ੍ਹਾਂ ਨੇ ਕਿਹਾ ਸੀ ਕਿ ਐਨ ਡੀ ਸੀ ਜਾਰੀ ਨਾ ਹੋਣ ਕਰਕੇ ਲੋਕ ਸਭਾ ਚੋਣਾਂ 2024 'ਚ ਹਿੱਸਾ ਲੈਣ ਲਈ ਉਨ੍ਹਾਂ ਦੀ ਯੋਗਤਾ ਵਿੱਚ ਰੁਕਾਵਟ ਪਈ ਹੈ। ਇਸ ਮਾਮਲੇ 'ਤੇ ਤੁਰੰਤ ਕਾਰਵਾਈ ਕਰਦਿਆਂ ਮੁੱਖ ਚੋਣ ਅਧਿਕਾਰੀ ਨੇ ਪ੍ਰਮੁੱਖ ਸਕੱਤਰ ਨੂੰ ਜਲਦੀ ਜਾਂਚ ਕਰਕੇ ਰਿਪੋਰਟ ਪੇਸ਼ ਕਰਨ ਲਈ ਲਿਖਿਆ ਹੈ ਤਾਂ ਜੋ ਭਾਰਤੀ ਚੋਣ ਕਮਿਸ਼ਨ ਨੂੰ ਇਸ ਮਾਮਲੇ ਸੰਬੰਧੀ ਜਾਣੂ ਕਰਵਾਇਆ ਜਾ ਸਕੇ।

ਡਾ. ਰਾਜ ਕੁਮਾਰ ਦੀ ਜਿੱਤ ਹੁਸ਼ਿਆਰਪੁਰ ਦੇ ਵਿਕਾਸ ਦੇ ਬੰਦ ਦਰਵਾਜ਼ੇ ਖੋਲ੍ਹੇਗੀ : 'ਆਪ'

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਪੰਜਾਬ ਦੇ ਸੂਬਾ ਸੰਯੁਕਤ ਸਕੱਤਰ ਸੰਦੀਪ ਸੈਣੀ ਅਤੇ ਪਛੜੀਆਂ ਸ਼੍ਰੇਣੀਆਂ ਭੌਂ ਅਤੇ ਵਿੱਤ ਨਿਗਮ ਪੰਜਾਬ ਦੇ ਚੇਅਰਮੈਨ ਸੰਦੀਪ ਸੈਣੀ ਨੇ ਇੱਕ ਪ੍ਰੈਸ ਬਿਆਨ ਰਾਹੀਂ ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਵੋਟ ਦੇ ਰੂਪ ਵਿੱਚ ਆਪਣਾ ਆਸ਼ੀਰਵਾਦ ਡਾ. ਰਾਜ ਕੁਮਾਰ ਨੂੰ ਦੇ ਕੇ ਜਿੱਤ ਯਕੀਨੀ ਬਣਾਉਣ ਅਤੇ ਅਸੀਂ ਵਾਅਦਾ ਕਰਦੇ ਹਾਂ ਕਿ ਡਾ. ਰਾਜ ਕੁਮਾਰ ਦੀ ਜਿੱਤ ਹੁਸ਼ਿਆਰਪੁਰ ਦੇ ਵਿਕਾਸ ਦੇ ਬੰਦ ਦਰਵਾਜ਼ੇ ਖੋਲ੍ਹ ਦੇਵੇਗੀ। ਉਨ੍ਹਾਂ ਕਿਹਾ ਕਿ ਅੱਜ ਹੁਸ਼ਿਆਰਪੁਰ ਤੋਂ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਵਰਗੇ ਪੜ੍ਹੇ-ਲਿਖੇ ਵਿਅਕਤੀ ਦੀ ਸਖ਼ਤ ਲੋੜ ਹੈ ਜੋ ਹੁਸ਼ਿਆਰਪੁਰ ਦੇ ਪਛੜੇਪਣ ਦੇ ਕਲੰਕ ਨੂੰ ਜੜ੍ਹੋਂ ਪੁੱਟ ਸਕੇ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਦੇ ਲੋਕਾਂ ਨੇ ਫੈਸਲਾ ਕਰਨਾ ਹੋਵੇਗਾ ਕਿ ਧਰਮ ਅਤੇ ਜਾਤ ਦੇ ਨਾਂ 'ਤੇ ਆਪਣੀ ਵੋਟ ਪਾਉਣੀ ਹੈ ਜਾਂ ਫਿਰ ਰਾਸ਼ਟਰ ਹਿੱਤ ਨੂੰ ਧਿਆਨ 'ਚ ਰੱਖਦੇ ਹੋਏ ਹੁਸ਼ਿਆਰਪੁਰ ਦੇ ਵਿਕਾਸ ਲਈ ਵਚਨਬੱਧ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਵੋਟ ਪਾਉਣੀ ਹੈ। ਸੰਦੀਪ ਸੈਣੀ ਨੇ ਕਿਹਾ ਕਿ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਪਿਛਲੇ ਦੋ ਸਾਲਾਂ ਵਿੱਚ ਆਮ ਜਨਤਾ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਨ ਵਿੱਚ ਲੱਗੀ ਹੋਈ ਹੈ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਨੇ ਆਮ ਜਨਤਾ ਤੋਂ 5 ਸਾਲ ਦਾ ਸ਼ਾਸਨ ਕਾਲ ਮੰਗਿਆ ਸੀ। ਪਰ ਸਰਕਾਰ ਬਣਨ ਦੇ ਦੋ ਸਾਲਾਂ ਦੇ ਅੰਦਰ ਹੀ ਸਰਕਾਰ ਨੇ ਪਾਰਟੀ ਵੱਲੋਂ ਆਮ ਜਨਤਾ ਨਾਲ ਕੀਤੇ ਵਾਅਦਿਆਂ ਨੂੰ ਲਗਭਗ ਪੂਰਾ ਕਰਨ ਵੱਲ ਤੇਜ਼ੀ ਨਾਲ ਕਦਮ ਚੁੱਕੇ ਹੋਏ ਹਨ। ਉਨ੍ਹਾਂ

ਕਿਹਾ ਕਿ ਆਮ ਜਨਤਾ ਨੂੰ ਅਪੀਲ ਹੈ ਕਿ ਉਹ ਵਿਕਾਸ ਅਤੇ ਕੰਮ ਦੀ ਰਾਜਨੀਤੀ ਕਰਨ ਵਾਲੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਆਪਣਾ ਸਮਰਥਨ ਦੇ ਕੇ ਦੇਸ਼ ਦੀ ਲੋਕ ਸਭਾ ਲਈ ਵੋਟ ਪਾਉਣ। ਇਸ ਮੌਕੇ ਅਜੇ ਵਰਮਾ, ਕੌਂਸਲਰ ਜਸਪਾਲ ਚੇਚੀ, ਬਲਵਿੰਦਰ ਕਤਨਾ, ਖੁਸ਼ੀਰਾਮ ਧੀਮਾਨ, ਤਰੁਣ ਗੁਪਤਾ, ਚਰਨਜੀਤ ਸਿੰਘ ਚੰਨੀ, ਰਣਜੀਤ ਸਿੰਘ ਸਹੋਤਾ, ਗੁਰਪ੍ਰੀਤ ਸਿੰਘ ਸੈਣੀ, ਪਵਨ ਸੈਣੀ, ਦਵਿੰਦਰ ਸਿੰਘ ਸੈਣੀ ਤੇ ਹੋਰ ਹਾਜ਼ਰ ਸਨ।

ਖੋਜਕਾਰ ਆਪਣੇ ਖੋਜ ਦੇ ਵਿਸ਼ਾ ਤੇ ਖੇਤਰ ਬਾਰੇ ਡੂੰਘੀ ਸਮਝ ਵਿਕਸਤ ਕਰਨ : ਵਾਈਸ ਚਾਂਸਲਰ

ਚੰਡੀਗੜ੍ਹ (ਕ੍ਰਿਸ਼ਨ ਗਰਗ)-ਮਹਾਰਿਸ਼ੀ ਦਿਆਨੰਦ ਯੂਨੀਵਰਸਿਟੀ (ਐਮਡੀਯੂ) ਰੋਹਤਕ ਦੇ ਵਾਇਸ ਚਾਂਸਲਰ ਪ੍ਰੋਫੈਸਰ ਰਾਜਬੀਰ ਸਿੰਘ ਨੇ ਯੂਨੀਵਰਸਿਟੀ ਵਿਚ ਫੈਕਲਟੀ ਆਫ ਡਿਜੀਕਲ ਸਾਇੰਸੇਜ ਅਤੇ ਫੈਕੇਲਟੀ ਆਫ ਇੰਜੀਨਅਰਿੰਗ ਐਂਡ ਤਕਨਾਲੋਜੀ ਵੱਲੋਂ-ਰਿਸਰਚ ਮੈਥੋਡੋਲੋਜੀ ਵਿਸ਼ਾ ਪ੍ਰਬੰਧਿਤ ਸੱਤ ਦਿਨਾਂ ਦੀ ਵਰਕਸ਼ਾਪ ਦੀ ਸ਼ੁਰੂਆਤ ਕਰਦੇ ਹੋਏ ਕਿਹਾ ਕਿ ਖੋਜਕਾਰ ਆਪਣੇ ਖੋਜ ਦੇ ਵਿਸ਼ਾ ਅਤੇ ਖੇਤਰ ਬਾਰੇ ਡੂੰਘੀ ਸਮਝ ਵਿਕਸਿਤ ਕਰਨ। ਵਧੀਆ ਖੋਜ ਕੰਮ ਕਰ ਬਿਹਤਰ ਕੈਰਿਅਰ ਫਾਊਂਡੇਸ਼ਨ ਤਿਆਰ ਕਰਨ।ਚੌਧਰੀ ਰਣਬੀਰ ਸਿੰਘ ਇੰਸਟੀਟਿਯੂਟ ਆਫ ਸੋਸ਼ਲ ਐਂਡ ਇਕਨੋਮਿਕ ਚੇਂਜ ਦੇ ਸਹਿਯੋਗ ਨਾਲ ਪ੍ਰਬੰਧਿਤ ਇਸ ਵਰਕਸ਼ਾਪ ਦੇ ਉਦਘਾਟਨ ਸੈਸ਼ਨ ਵਿਚ ਵਾਇਸ ਚਾਂਸਲਰ ਪ੍ਰੋਫੈਸਰ ਰਾਜਬੀਰ ਸਿੰਘ ਨੇ ਖੋਜਕਾਰਾਂ ਨੂੰ ਖੋਜ ਕੰਮ ਦੀ ਨੀਂਹ ਮਜਬੂਤ ਕਰਨ ਲਈ ਪ੍ਰੇਰਿਤ ਕੀਤਾ। ਵਾਇਸ ਚਾਂਸਲਰ ਨੇ ਕਿਹਾ ਕਿ ਖੋਜਕਾਰ ਖੋਰ ਦੇ ਮੂਲ ਨੂੰ ਜਾਨਣ, ਖੋਜ ਕਾਰਜ ਦੇ ਉਦੇਸ਼ ਨੂੰ ਸਮਝਣ ਅਤੇ ਖੋਜ ਦੀ ਸਮਾਕਿ ਉਪਯੋਗਤਾ ਦਾ ਧਿਆਨ ਰੱਖਣ। ਉਨ੍ਹਾਂ ਨੇ ਖੋਜਕਾਰਾਂ ਵਿਚ ਆਪਣੇ ਸੰਚਾਰ ਕੌਸ਼ਲ ਨੂੰ ਪ੍ਰਭਾਵੀ ਬਨਾਉਣ ਦੀ ਅਪੀਲ ਕੀਤੀ ਅਤੇ ਖੋਜ ਦੇ ਵੱਖ-ਵੱਖ ਪਹਿਲੂਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੇ ਲਈ ਮੋਟੀਵੇਟ ਕੀਤਾ।ਇਸ ਮੌਕੇ 'ਤੇ ਡੀਨ, ਅਕਾਦਮਿਕ ਅਫੇਅਰਸ ਪ੍ਰੋਫੈਸਰ ਏ ਐਸ ਮਾਨ, ਡੀਨ, ਫੈਕੇਲਟੀ ਆਫ ਡਿਜੀਕਲ ਸਾਇੰਸੇਜ ਪ੍ਰੋਫੈਸਰ ਐਸਸੀ ਮਲਿਕ, ਚੌਧਰੀ ਰਣਬੀਰ ਸਿੰਘ ਇੰਸਟੀਟਿਯੂਟ ਦੀ ਨਿਦੇਸ਼ਕ ਪ੍ਰੋਫੈਸਰ ਸੋਨਿਆ ਮਲਿਕ, ਡੀਨ, ਫੈਕੇਲਟੀ ਆਫ ਇੰਜੀਨੀਅਰਿੰਗ ਐਂਡ ਤਕਨਾਲੋਜੀ ਪ੍ਰੋਫੈਸਰ ਯੁੱਧਵੀਰ ਸਿੰਘ, ਡਾਕਟਰ ਏਕਤਾ ਨਰਵਾਲ ਨੇ ਵੀ ਵਿਚਾਰ ਰੱਖੇ।

ਕੇਜਰੀਵਾਲ ਦੀ ਰਿਹਾਈ ਨੇ ਵਿਰੋਧੀਆਂ ਨੂੰ ਪਾਈਆਂ ਭਾਜੜਾਂ : ਡਾ. ਰਾਜ ਕੁਮਾਰ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)

ਸੱਚ ਹਮੇਸ਼ਾ ਸੱਚ ਹੀ ਰਹਿੰਦਾ ਹੈ ਅਤੇ ਸੱਚ ਨੂੰ ਦਬਾਉਣ ਵਾਲੇ ਕਦੇ ਵੀ ਅੱਗੇ ਨਹੀਂ ਵਧ ਸਕਦੇ। ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਰਿਹਾਈ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ 'ਆਪ' ਉਮੀਦਵਾਰ ਡਾ. ਰਾਜ ਕੁਮਾਰ ਨੇ ਕਿਹਾ ਕਿ ਉਨ੍ਹਾਂ ਦੀ ਰਿਹਾਈ ਨੇ ਉਨ੍ਹਾਂ ਵਿਰੋਧੀਆਂ ਨੂੰ ਭਾਜੜਾਂ ਪਾ ਦਿੱਤੀਆਂ ਹਨ ਅਤੇ ਉਨ੍ਹਾਂ ਨੂੰ ਪਤਾ ਨਹੀਂ

ਲੱਗ ਰਿਹਾ ਕਿ ਉਨ੍ਹਾਂ ਨੇ ਕੀ ਕਰਨਾ ਹੈ ਤੇ ਕੀ ਨਹੀਂ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਦੇਸ਼ ਦੀ ਨਿਆਂਪਾਲਿਕਾ 'ਤੇ ਪੂਰਾ ਭਰੋਸਾ ਹੈ ਅਤੇ ਅਸੀ ਇੱਕ ਦਿਨ ਕੇਜਰੀਵਾਲ ਵੱਲੋਂ ਸ਼ੁਰੂ ਕੀਤੀ ਜੰਗ ਜ਼ਰੂਰ ਜਿੱਤਾਂਗੇ। ਦਸੂਹਾ ਦੇ ਪਿੰਡ ਭੂਸ਼ਾਂ, ਆਲਮਪੁਰ, ਸਫਦਰਪੁਰ, ਪਾਸੀ ਬੇਟ ਅਤੇ ਬੁੱਧੋਬਰਕਤ ਅਤੇ ਹੋਰ ਪਿੰਡਾਂ ਵਿੱਚ ਚੋਣ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਡਾ. ਰਾਜ ਨੇ ਕਿਹਾ ਕਿ ਅੱਜ ਲੋਕ ਭਾਜਪਾ ਅਤੇ ਕਾਂਗਰਸ ਦੀਆਂ ਨੀਤੀਆਂ ਤੋਂ ਚੰਗੀ ਤਰਾਂ ਜਾਣੂ ਹਾਂ ਅਤੇ ਧਰਮ ਅਤੇ ਜਾਤ ਆਧਾਰਤ ਰਾਜਨੀਤੀ ਨੂੰ ਨਕਾਰ ਕੇ ਭ੍ਰਿਸ਼ਟਾਚਾਰ ਵਿਰੁੱਧ ਲੜਾਈ ਵਿਚ ਆਪ ਦੇ ਨਾਲ ਖੜ੍ਹੇ ਹਨ। ਡਾ. ਰਾਜ ਨੇ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਨੇ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਹੈ, ਜਿਸ 'ਚ ਟੋਲ ਪਲਾਜ਼ਾ ਮੁਕਤ ਸੜਕਾਂ, ਮੁਫਤ ਬਿਜਲੀ ਅਤੇ ਹੋਰ ਕਈ ਅਜਿਹੇ ਫੈਸਲੇ ਹਨ, ਜਿਸ ਕਾਰਨ ਪੰਜਾਬ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਹੋਇਆ ਹੈ ਤੇ ਖੁਸ਼ਹਾਲੀ ਵੱਲ ਵਧਿਆ ਹੈ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੇ ਇਲਾਕੇ ਲਈ ਕੇਂਦਰ ਤੋਂ ਪ੍ਰੋਜੈਕਟ ਲਿਆ ਕੇ ਲਾਗੂ ਕੀਤੇ ਜਾਣਗੇ ਤਾਂ ਜੋ ਇਲਾਕਾ ਸਿੱਖਿਆ, ਸਿਹਤ ਅਤੇ ਉਦਯੋਗਾਂ ਵਿੱਚ ਮੋਹਰੀ ਖੇਤਰ ਬਣ ਸਕੇ।

ਲੋਕ ਸਭਾ ਚੋਣਾਂ ਲਈ ਵੋਟਰ ਜਾਗਰੂਕਤਾ ਰੈਲੀ ਕੱਢੀ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)

ਗਿਆਨੀ ਕਰਤਾਰ ਸਿੰਘ ਯਾਦਗਾਰੀ ਸਰਕਾਰੀ ਕਾਲਜ ਟਾਂਡਾ ਦੇ ਸਵੀਪ ਨੋਡਲ ਅਫਸਰ ਅਤੇ ਨੋਡਲ ਅਫਸਰ ਹਲਕਾ ਉੜਮੁੜ ਟਾਂਡਾ ਦਕਸ਼ ਸੋਹਲ ਵੱਲੋਂ ਪ੍ਰਿੰਸੀਪਲ ਸ਼੍ਰੀਮਤੀ ਸ਼ਸ਼ੀਬਾਲਾ ਦੀ ਯੋਗ ਅਗਵਾਈ ਹੇਠ ਲੋਕ ਸਭਾ 2024 ਦੀਆਂ ਵੋਟਾਂ ਸੰਬੰਧੀ ਅਊਟਰੀਚ ਵੋਟਰਾਂ ਨੂੰ ਜਾਗਰੂਕ ਕਰਨ ਲਈ ਜਾਗਰੂਕਤਾ ਮੁਹਿੰਮ ਲਗਾਤਾਰ ਜਾਰੀ ਹੈ। ਟਾਂਡਾ ਉੜਮੁੜ ਹਲਕੇ ਦੀ ਸਮੂਹ ਸਵੀਪ ਟੀਮ ਉੜਮੁੜ-41 ਦੇ ਨਾਡਲ ਅਫਸਰ ਦਕਸ਼ ਸੋਹਲ, ਅਸਿਸਟੈਂਟ ਨੋਡਲ ਅਫਸਰ ਭਰਤ ਤਲਵਾੜ, ਕੁਲਦੀਪ ਮਿਨਹਾਸ ਨੇਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਸੱਲਾਂ ਵਿਖੇ ਨਵੇਂ ਵੋਟਰਾਂ ਨੂੰ ਵੋਟਾਂ ਦੀ ਸਾਰੀ ਪ੍ਰਣਾਲੀ ਬਾਰੇ ਜਾਗਰੂਕ ਕਰਨ ਲਈ ਬੂਥ ਦੇ ਵੋਟਰਾਂ ਨੂੰ ਸੰਬੋਧਨ ਕੀਤਾ ਅਤੇ ਵੋਟਾ ਪਾਉਣ ਲਈ ਪ੍ਰੇਰਿਤ ਕੀਤਾ। ਇਸ ਸਮੇਂ ਵੋਟਰਾਂ ਦੇ ਵੱਖ-ਵੱਖ ਡਾਊਟ ਵੀ ਦੂਰ ਕੀਤੇ ਗਏ ਇਸ ਸਮੇਂ ਸੈਮੀਨਾਰ ਦੇ ਨਾਲ-ਨਾਲ ਇੱਕ ਜਾਗਰੂਕਤਾ ਰੈਲੀ ਵੀ ਕੱਢੀ ਗਈ ਉਸ ਦੇ ਬਾਅਦ ਸਕੂਲ ਦੀਆਂ 12 ਵੀਂ ਕਲਾਸ ਦੀਆਂ ਵਿਦਿਆਰਥਣਾਂ ਨੂੰ ਪਿੰਕ ਬੂਥ ਬਾਰੇ ਜਾਗਰੂਕ ਕੀਤਾ ਗਿਆ। ਇਸ ਸਮੇਂ ਸਕੂਲ ਦੀਆਂ ਵਿਦਿਆਰਥਣਾਂ ਨੂੰ ਪੀ.ਆਰ.ਓ,ਏ ਪੀ. ਆਰ.ਓ,ਵੱਖ-ਵੱਖ ਪੀ.ਓ ਸਟਾਫ ਬਣਾ ਕੇ ਅਤੇ ਪੋਲਿੰਗ ਏਜੰਟ ਵੀ ਕੁੜੀਆਂ ਨੂੰ ਹੀ ਬਣਾ ਕੇ ਪਿੰਕ ਬੂਥ ਬਾਰੇ ਵੀ ਸਮਝਾਇਆ। ਇਸ ਨਾਲ ਦੀਆਂ ਸਕੂਲ ਦੇ ਔਰਤ ਅਧਿਆਪਾਵਾਂ ਨੇਂ ਵੀ ਪਿੰਕ ਬੂਥ ਬਾਰੇ ਜਾਣਕਾਰੀ ਹਾਸਲ ਕੀਤੀ। ਜਿਕਰਯੋਗ ਹੈ ਕਿ ਸਾਰੀਆਂ ਗਤੀਵਿਧੀਆ

ਜੀ.ਕੇ ਐਸ.ਐਮ ਸਰਕਾਰੀ ਕਾਲਜ ਟਾਂਡਾ ਦੇ ਸਵੀਪ ਅਫਸਰ ਪ੍ਰੋਫੈਸਰ ਦਕਸ਼ ਸੋਹਲ ਕਾਲਜ ਦੇ ਵਿਦਿਆਰਥੀ ਅੰਬੈਸਡਰ ਕੁਲਦੀਪ ਸਿੰਘ ਜੀ ਦੁਆਰਾ ਕਰਵਾਈਆਂ ਜਾ ਰਹੀਆਂ ਹਨ। ਇਸ ਸਮੇਂ ਸਕੂਲ ਦੇ ਸਟਾਫ ਮੈਂਬਰ ਪ੍ਰਿੰਸੀਪਲ ਗੁਰਦੀਪ ਸਿੰਘ, ਵਾਈਸ ਪ੍ਰਿੰਸੀਪਲ ਸੰਜੇ ਕੁਮਾਰ, ਲੈਕਚਰਾਰ ਸ਼੍ਰੀਮਤੀ ਸੁਨੀਤਾ ਰਾਣੀ, ਸਾਇੰਸ ਮਾਸਟਰ ਕਸਮੀਰ ਸਿੰਘ, ਮੈਡਮ ਨੀਰਜਾ ਰਾਣੀ, ਅਮਰੀਕ ਸਿੰਘ, ਕੁਲਦੀਪ ਕੌਰ, ਰਮਨਦੀਪ ਕੌਰ ਅਮਿਤ ਕੁਮਾਰ ਸ਼ਰਮਾ, ਮਨਦੀਪ ਬਾਂਸਲ, ਕਿਰਨਦੀਪ ਕੌਰ, ਸੈਗੀ ਬਾਲਾ ਵੀ ਹਾਜ਼ਰ ਸਨ।

ਸ੍ਰੀ ਅਨੰਦਪੁਰ ਸਾਹਿਬ ਤੋਂ ਮਾਈਨਿੰਗ ਮਾਫੀਆ ਦਾ ਕਰਾਂਗਾ ਸਫਾਇਆ : ਡਾ. ਸੁਭਾਸ਼ ਸ਼ਰਮਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁ

14-MAY-PAGE-10.qxd 5/13/2024 10:38 PM Page 1

ਕਿਸਾਨ ਆਗੂਆਂ ਦੀ ਗ੍ਰਿਫ਼ਤਾਰੀ ਦੇ ਵਿਰੋਧ 'ਚ ਸਾਦਿਕ ਥਾਣੇ ਅੱਗੇ ਧਰਨਾ

■ ਯੂਨਾਈਟਿਡ ਕਿਸਾਨ ਮੋਰਚਾ ਵੱਲੋਂ 15 ਨੂੰ ਧਰਨੇ ਦਾ ਐਲਾਨ

ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ) ਇੱਕ ਦਿਨ ਪਹਿਲਾਂ ਇੱਥੋਂ ਦੇ ਪਿੰਡ ਬੀਹਲੇ ਵਾਲਾ ਵਿੱਚ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਗੌਰਵ ਕੱਕੜ ਨੂੰ ਚੋਣ ਪ੍ਰਚਾਰ ਕਰਨ ਤੋਂ ਰੋਕਣ ਤੇ ਭਵਿੱਖ ਵਿੱਚ ਭਾਜਪਾ ਆਗੂਆਂ ਖ਼ਿਲਾਫ਼ ਹਿੰਸਕ ਪ੍ਰਦਰਸ਼ਨ ਕਰਨ ਲਈ ਧਰਨਾ ਦਿੱਤਾ ਗਿਆ।ਪੁਲਸ ਨੇ ਧਮਕੀਆਂ ਦੇਣ ਦੇ ਮਾਮਲੇ 'ਚ ਸਖ਼ਤ ਕਾਰਵਾਈ ਕੀਤੀ ਹੈ।ਇਸ ਮਾਮਲੇ ਵਿੱਚ ਪੁਲਸ ਨੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾਈ ਜਨਰਲ ਸਕੱਤਰ ਰਜਿੰਦਰ ਸਿੰਘ ਦੀਪ ਸਿੰਘ ਵਾਲਾ, ਉਸ ਦੇ ਦੋ ਸਾਥੀਆਂ ਨੌਨਿਹਾਲ ਸਿੰਘ ਤੇ ਇੱਕ ਹੋਰ ਗੁਰਮੀਤ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਹੈ।ਪੁਲਸ ਦੀ ਇਸ ਕਾਰਵਾਈ ਦੇ ਖਿਲਾਫ ਐਤਵਾਰ ਨੂੰ ਕਿਸਾਨ ਜਥੇਬੰਦੀਆਂ ਨੇ ਸਾਦਿਕ ਥਾਣੇ ਅੱਗੇ ਪ੍ਰਤੀਕਾਤਮਕ ਧਰਨਾ ਦੇ ਕੇ ਪੁਲਸ ਪ੍ਰਸ਼ਾਸਨ ਤੇ ਸਰਕਾਰ ਪ੍ਰਤੀ ਆਪਣੇ ਗੁੱਸੇ ਦਾ ਪ੍ਰਗਟਾਵਾ ਕੀਤਾ ਅਤੇ ਯੂਨਾਈਟਿਡ ਦੀ ਅਗਵਾਈ ਹੇਠ 15 ਮਈ ਨੂੰ ਵੱਡੇ ਪੱਧਰ 'ਤੇ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ।

ਇਸ ਮੌਕੇ ਕੌਮੀ ਕਿਸਾਨ ਯੂਨੀਅਨ ਦੇ ਸੂਬਾਈ ਪ੍ਰਧਾਨ ਬਿੰਦਰ ਸਿੰਘ ਗੋਲੇਵਾਲਾ ਤੇ ਹੋਰ ਕਿਸਾਨ ਆਗੂਆਂ ਨੇ ਕਿਹਾ ਕਿ ਸਾਂਝੇ ਕਿਸਾਨ ਮੋਰਚੇ ਦੇ ਫੈਸਲੇ ਅਨੁਸਾਰ ਕਿਸਾਨ ਸ਼ਾਂਤਮਈ ਢੰਗ ਨਾਲ ਭਾਜਪਾ ਆਗੂਆਂ ਦਾ ਵਿਰੋਧ ਕਰ ਰਹੇ ਹਨ।ਜੇਕਰ ਕਿਸੇ ਕਿਸਾਨ ਨੇ ਭਾਵੁਕ ਹੋ ਕੇ ਹਿੰਸਕ ਪ੍ਰਦਰਸ਼ਨ ਦੀ ਗੱਲ ਕੀਤੀ ਹੈ ਤਾਂ ਇਸ ਵਿੱਚ ਕੋਈ ਹਰਜ਼ ਨਹੀਂ, ਕਿਉਂਕਿ ਹਿੰਸਕ ਪ੍ਰਦਰਸ਼ਨ ਨਹੀਂ ਹੋਇਆ ਤੇ ਨਾ ਹੀ ਕਿਸਾਨ ਅਜਿਹਾ ਕਰਨਗੇ।ਉਨ੍ਹਾਂ ਕਿਹਾ ਕਿ ਇਸ ਦੇ ਬਾਵਜੂਦ ਪੁਲਸ ਨੇ ਕਿਸਾਨ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਹੈ, ਜਿਸ ਖ਼ਿਲਾਫ਼ 15 ਮਈ ਨੂੰ ਧਰਨਾ ਦਿੱਤਾ ਜਾਵੇਗਾ। ਇਸ ਮੌਕੇ ਐੱਸ ਪੀ ਜਸਮੀਤ ਸਿੰਘ ਨੇ ਕਿਹਾ ਕਿ ਪੁਲਸ ਨੇ ਅਮਨ-ਕਾਨੂੰਨ ਤੇ ਅਮਨ-ਸ਼ਾਂਤੀ ਬਣਾਈ ਰੱਖਣ ਲਈ ਕਾਰਵਾਈ ਕੀਤੀ ਹੈ।ਉਨ੍ਹਾ ਕਿਹਾ ਕਿ ਪੁਲਸ ਨੇ ਕਿਸਾਨ ਜਥੇਬੰਦੀਆਂ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਬਿਨਾਂ ਕਿਸੇ ਰੋਕ-ਟੋਕ ਦੇ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟ ਕਰਨ ਦੀ ਅਪੀਲ ਕੀਤੀ ਸੀ, ਪਰ ਇਸ ਦੇ ਬਾਵਜੂਦ ਭਾਜਪਾ ਆਗੂਆਂ ਨੂੰ ਪਿੰਡ ਬੀਹਲੇ ਵਾਲਾ ਵਿੱਚ ਚੋਣ ਪ੍ਰਚਾਰ ਕਰਨ ਤੋਂ ਰੋਕ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਵਾਪਸ ਭੇਜ ਦਿੱਤਾ ਗਿਆ।ਇਸ ਤੋਂ ਇਲਾਵਾ ਵੀਡੀਓ ਵਾਇਰਲ ਕਰਕੇ ਹਿੰਸਕ ਪ੍ਰਦਰਸ਼ਨ ਕਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।

ਸੁਰਜੀਤ ਪਾਤਰ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)-ਪੰਜਾਬੀ ਸ਼ਾਇਰੀ 'ਚ ਨਵੇਂ ਰਾਹ ਬਣਾਉਣ ਵਾਲੇ, ਪਦਮਸ਼੍ਰੀ ਸੁਰਜੀਤ ਪਾਤਰ ਦੀ ਅਚਾਨਕ ਹੋਈ ਮੌਤ 'ਤੇ ਜ਼ਿਲ੍ਹਾ ਭਾਸ਼ਾ ਅਫ਼ਸਰ/ਸ਼ਾਇਰ ਮਨਜੀਤ ਪੁਰੀ, ਸ਼ਾਇਰ/ਪ੍ਰਿੰਸੀਪਲ ਐੱਮ.ਜੀ.ਐੱਮ. ਸੀਨੀਅਰ ਸੈਕੰਡਰੀ ਸਕੂਲ ਫ਼ਰੀਦਕੋਟ ਜਗਦੇਵ ਸਿੰਘ ਬਰਾੜ, ਸੇਵਾ ਮੁਕਤ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਫ਼ਰੀਦਕੋਟ/ਨੈਸ਼ਨਲ ਐਵਾਰਡੀ ਜਗਜੀਤ ਸਿੰਘ ਚਾਹਲ, ਨੈਸ਼ਨਲ ਯੂਥ ਵੈੱਲਫ਼ੇਅਰ ਕਲੱਬ ਫ਼ਰੀਦਕੋਟ ਦੇ ਪ੍ਰਧਾਨ ਗੁਰਚਰਨ ਸਿੰਘ ਭੰਗੜਾ ਕੋਚ, ਲਿਟਰੇਰੀ ਫ਼ੋਰਮ ਫ਼ਰੀਦਕੋਟ ਦੇ ਪ੍ਰਧਾਨ ਸੁਨੀਲ ਚੰਦਿਆਣਵੀ, ਪ੍ਰੈੱਸ ਸਕੱਤਰ ਜਸਬੀਰ ਸਿੰਘ ਜੱਸੀ, ਰੋਟਰੀ ਕਲੱਬ ਫ਼ਰੀਦਕੋਟ ਦੇ ਪ੍ਰਧਾਨ ਅਰਵਿੰਦ ਛਾਬੜਾ, ਨੈਸ਼ਨਲ ਯੂਥ ਕਲੱਬ ਦੇ ਪ੍ਰਧਾਨ ਰਾਕੇਸ਼ ਮਿੱਤਲ, ਸ਼੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਫ਼ਰੀਦਕੋਟ ਦੇ ਪ੍ਰਧਾਨ ਦਵਿੰਦਰ ਸਿੰਘ ਪੰਜਾਬ ਮੋਟਰਜ਼, ਸਹਾਰਾ ਸੇਵਾ ਸੁਸਾਇਟੀ ਫ਼ਰੀਦਕੋਟ ਦੇ ਚੇਅਰਮੈਨ ਪ੍ਰਵੀਨ ਕਾਲਾ, ਲਾਇਨਜ਼ ਕਲੱਬ ਫ਼ਰੀਦਕੋਟ ਵਿਸ਼ਾਲ ਦੇ ਪ੍ਰਧਾਨ ਪ੍ਰਿੰਸੀਪਲ ਡਾ. ਐੱਸ. ਐੱਸ. ਬਰਾੜ, ਯੂਥ ਵੈੱਲਫ਼ੇਅਰ ਸੁਸਾਇਟੀ ਫ਼ਰੀਦਕੋਟ ਦੇ ਪ੍ਰਧਾਨ/ਸਟੇਟ ਐਵਾਰਡੀ ਜਸਵਿੰਦਰਪਾਲ ਸਿੰਘ ਮਿੰਟੂ, ਲਾਇਨਜ਼ ਕਲੱਬ ਫ਼ਰੀਦਕੋਟ ਦੇ ਪ੍ਰਧਾਨ ਲੈਕਚਰਾਰ ਹਰਜੀਤ ਸਿੰਘ, ਲੋਕ ਗਾਇਕ ਹਰਿੰਦਰ ਸੰਧੂ, ਲੋਕ ਗਾਇਕ/ਸੰਗੀਤਕਾਰ ਕੁਲਵਿੰਦਰ ਕੰਵਲ, ਸੰਗੀਤਕਾਰ/ਗਾਇਕ ਨਿਰਮਲ ਸਿੱਧੂ, ਗੀਤਕਾਰ/ਗਾਇਕ ਸੁਰਜੀਤ ਗਿੱਲ, ਨੌਜਵਾਨ ਅਰਸ਼ ਗਿੱਲ, ਗਾਇਕ ਭਿੰਦੇਸ਼ਾਹ ਰਾਜੋਵਾਲੀਆ, ਲੋਕ ਗਾਇਕ ਮਨਜੀਤ ਸੰਧੂ ਸੁੱਖਣਵਾਲੀਆ, ਦੋਗਾਣਾ ਜੋੜੀ ਮੀਤ ਬਰਾੜ-ਹਰਮਨਦੀਪ ਕੌਰ, ਗਾਇਕ ਬਿੱਲਾ ਮਾਣੇਵਾਲੀਆ, ਗਾਇਕ ਇੰਦਰ ਮਾਨ, ਗਾਇਕ ਦਵਿੰਦਰ ਸੰਧੂ, ਸ਼ਾਇਰ ਕੁਲਵਿੰਦਰ ਵਿਰਕ, ਸ਼ਿਵਨਾਥ ਦਰਦੀ, ਵਤਨਵੀਰ ਜ਼ਖ਼ਮੀ, ਪ੍ਰੋ. ਬੀਰਇੰਦਰਜੀਤ ਸਿੰਘ ਸਰਾਂ, ਗੁਰਾਂਦਿੱਤਾ ਸਿੰਘ ਸੰਧੂ, ਪ੍ਰੀਤ ਭਗਵਾਨ ਨੇ ਸੁਰਜੀਤ ਪਾਤਰ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਮਾਂ ਬੋਲੀ ਦੇ ਇਸ ਲਾਡਲੇ ਸਪੂਤ ਦੇ ਤੁਰ ਜਾਣ ਨਾਲ ਮਾਂ ਬੋਲੀ ਨੂੰ ਕਦੇ ਵੀ ਪੂਰਾ ਨਾ ਹੋਣ ਵਾਲਾ ਘਾਟਾ ਪਿਆ ਹੈ।

ਨੌਜਵਾਨ ਭਾਰਤ ਸਭਾ ਵੱਲੋਂ 'ਭਾਜਪਾ ਹਰਾਓ-ਭਾਜਪਾ ਭਜਾਓ' ਮੁਹਿੰਮ ਸ਼ੁਰੂ ਕਰਨ ਦਾ ਐਲਾਨ

ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ) ਲੋਕ ਸਭਾ ਚੋਣ ਦੇ ਮੱਦੇਨਜ਼ਰ ਨੌਜਵਾਨ ਭਾਰਤ ਸਭਾ ਵੱਲੋਂ ਪੰਜਾਬ ਭਰ ਵਿੱਚ ਚਲਾਈ ਜਾ ਰਹੀ 'ਭਾਜਪਾ ਹਰਾਓ-ਭਾਜਪਾ ਭਜਾਓ' ਮੁਹਿੰਮ ਤਹਿਤ ਜ਼ਿਲ੍ਹਾ ਕਮੇਟੀ ਪਟਿਆਲਾ ਦੀ ਮੀਟਿੰਗ ਹੋਈ। ਸਭਾ ਦੇ ਸੂਬਾ ਕਮੇਟੀ ਮੈਂਬਰ ਦਵਿੰਦਰ ਛਬੀਲਪੁਰ ਨੇ ਕਿਹਾ ਕਿ ਭਾਜਪਾ-ਆਰ ਐੱਸ ਐੱਸ ਨੇ ਬੀਤੇ ਦਸ ਸਾਲਾਂ ਦੇ ਰਾਜ ਦੌਰਾਨ ਇੱਕ ਪਾਸੇ ਤਾਂ ਕਾਰਪੋਰੇਟ ਨੂੰ ਦੇਸ਼ ਦੇ ਮਾਲ ਖਜ਼ਾਨਿਆਂ ਨੂੰ ਲੁਟਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ। ਦੂਸਰੇ ਪਾਸੇ ਆਰ ਐੱਸ ਐੱਸ ਦੇ ਭਗਵੇਂ ਅਜੰਡੇ ਤਹਿਤ ਦੇਸ਼ ਦੀ ਵੰਨਸੁਵੰਨਤਾ ਨੂੰ ਤਬਾਹ ਕਰਨ ਲਈ ਪੂਰੀ ਵਾਹ ਲਾਈ ਹੈ। ਹੁਣ ਵੀ, ਸੰਵਿਧਾਨ ਤੇ ਸੰਵਿਧਾਨਕ ਅਧਿਕਾਰਾਂ ਨੂੰ ਨਿਸ਼ਾਨਾ ਬਣਾਉਣ ਲਈ, ਸਾਂਝਾ ਸਿਵਲ ਕੋਡ ਤੇ ਇੱਕ ਰਾਸ਼ਟਰ ਇੱਕ ਚੋਣ ਆਦਿ ਭਾਜਪਾ ਦਾ ਪ੍ਰੋਗਰਾਮ ਦੇਸ਼ ਨੂੰ ਫਾਸ਼ੀ ਤਾਨਾਸ਼ਾਹੀ ਵੱਲ ਧੱਕਣ ਦਾ ਪ੍ਰੋਗਰਾਮ ਹੈ, ਜਿਸ ਕਾਰਨ ਨੌਜਵਾਨ ਭਾਰਤ ਸਭਾ ਨੇ ਨੌਜਵਾਨਾਂ ਨੂੰ ਇਸ ਪ੍ਰੋਗਰਾਮ ਨੂੰ ਰੱਦ ਕਰਕੇ ਹਰਾਉਣ ਲਈ ਮੁਹਿੰਮ ਵਿੱਢੀ ਹੈ। ਇਸ ਲਈ ਪੰਜਾਬ ਦੇ ਨੌਜਵਾਨਾਂ ਨੂੰ ਬੁਲਡੋਜਰ ਰਾਜ ਦਾ ਪ੍ਰਤੀਕ ਬਣੀ ਭਾਜਪਾ ਨੂੰ ਸਜ਼ਾ ਦੇਣ ਲਈ ਕਮਰਕੱਸਾ ਕਰਨਾ ਚਾਹੀਦਾ ਹੈ। ਜ਼ਿਲ੍ਹਾ ਸਕੱਤਰ ਖੁਸ਼ਵੰਤ ਹਨੀ ਨੇ ਕਿਹਾ ਕਿ ਦੂਸਰੀਆਂ ਸੱਤਾਧਾਰੀ ਪਾਰਟੀਆਂ ਨੂੰ ਸਵਾਲ ਕਰਨ ਤੇ ਭਾਜਪਾ ਦੇ ਪਟਿਆਲਾ ਤੋਂ ਉਮੀਦਵਾਰ ਦਾ ਪਿੰਡਾਂ ਵਿੱਚ ਤਿੱਖਾ ਵਿਰੋਧ ਕਰਨਾ ਦਾ ਕਾਰਨ ਇਹ ਹੈ ਕਿ 2014 ਤੋਂ ਕੇਂਦਰ ਸਰਕਾਰ ਨੇ ਜਿਸ ਤਰ੍ਹਾਂ ਕਿਸਾਨਾਂ ਮਜ਼ਦੂਰਾਂ ਨਾਲ਼ ਵਾਅਦਾ ਖ਼ਿਲਾਫੀ ਕੀਤੀ ਹੈ, ਉਸੇ ਤਰ੍ਹਾਂ ਨੌਜਵਾਨਾਂ ਨਾਲ਼ ਵੀ 2 ਕਰੋੜ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ, ਜੋ ਬਾਅਦ ਵਿੱਚ ਜੁਮਲਾ ਸਾਬਿਤ ਹੋਇਆ ਇਹ ਹੀ ਨਹੀਂ ਬਲਕਿ 2019 ਦੌਰਾਨ ਹਜ਼ਾਰਾਂ ਨੌਜਵਾਨਾਂ ਨੂੰ ਕੇਂਦਰ ਸਰਕਾਰ ਵੱਲੋਂ ਬੇਰੁਜ਼ਗਾਰ ਕੀਤਾ ਗਿਆ ਹੈ। ਇਸ ਲਈ ਨੌਜਵਾਨ ਭਾਰਤ ਸਭਾ ਨੇ ਫ਼ੈਸਲਾ ਕੀਤਾ ਕਿ ਭਾਜਪਾ ਦੇ ਉਮੀਦਵਾਰਾਂ ਦਾ ਪਿੰਡਾਂ ਵਿੱਚ ਆਉਣ 'ਤੇ ਤਿੱਖਾ ਵਿਰੋਧ ਕੀਤਾ ਜਾਵੇਗਾ। ਜ਼ਿਲ੍ਹਾ ਆਗੂ ਗੁਰਦੀਪ ਕਾਲਵਾਣੂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਵੀ ਭਾਜਪਾ ਦਾ ਵਿਰੋਧ ਕਰਨ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਜ਼ਿਲ੍ਹਾ ਆਗੂ ਸੰਦੀਪ ਖੱਤਰੀ, ਮੰਗਾ ਸਮਾਣਾ, ਜਗਮੀਤ ਸਿੰਘ, ਗੁਰਸ਼ਰਨ ਸਿੰਘ, ਰਮਨਦੀਪ ਕਾਲਵਾਣੂ, ਹਰਪਾਲ ਸਮਾਣਾ ਤੇ ਹੋਰ ਨੌਜਵਾਨ ਸ਼ਾਮਲ ਰਹੇ।

ਕਾਤਰਾਂ

40 ਗ੍ਰਾਮ ਹੈਰੋਇਨ ਸਮੇਤ ਔਰਤ ਗ੍ਰਿਫ਼ਤਾਰ

ਜੈਤੋ (ਸਤੀਸ਼ ਕੁਮਾਰ ਭੀਗੀ)-ਜੈਤੋ ਪੁਲਸ ਵੱਲੋਂ ਇੱਕ ਔਰਤ ਨੂੰ ਚਾਲੀ ਗ੍ਰਾਮ ਹੀਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਹੈ। ਥਾਣਾ ਮੁਖੀ ਗੁਰਮੇਹਰ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਏ ਐੱਸ ਆਈ ਗੁਰਜੰਟ ਸਿੰਘ ਆਪਣੀ ਪਾਰਟੀ ਨਾਲ ਨੇੜੇ ਛੱਜਘੜਾ ਮੁਹੱਲਾ ਜੈਤੋ ਦੇ ਆਸ-ਪਾਸ ਮੌਜੂਦ ਸੀ ਤਾਂ ਉਨ੍ਹਾਂ ਵੱਲੋਂ ਸ਼ੱਕ ਪੈਣ 'ਤੇ ਇੱਕ ਔਰਤ ਨੂੰ ਲੇਡੀ ਕਰਮਚਾਰੀ ਦੀ ਮਦਦ ਨਾਲ ਕਾਬੂ ਕਰਕੇ ਨਾਮ ਪਤਾ ਪੁੱਛਿਆ, ਜਿਸ ਨੇ ਆਪਣਾ ਨਾਮ ਮਮਤਾ ਪਤਨੀ ਲਾਖਨ ਪੁੱਤਰ ਬੂਟਾ ਵਾਸੀ ਤਮਣਮ ਵਾਲੀ ਬਸਤੀ ਮੋਗਾ ਹਾਲ ਪੁੱਤਰੀ ਹੰਸਾ ਪੁੱਤਰ ਜੰਗੀਰ ਵਾਸੀ ਛੱਜਘਾੜਾ ਮੁਹੱਲਾ ਜੈਤੋ ਦੱਸਿਆ, ਜਿਸ ਦੀ ਤਲਾਸ਼ੀ ਕੀਤੀ ਤਾਂ ਉਸ ਪਾਸੋਂ 40 ਗ੍ਰਾਮ ਹੈਰੋਇਨ (ਚਿੱਟਾ) ਬਰਾਮਦ ਹੋਈ, ਜਿਸ 'ਤੇ ਮਮਤਾ ਉਕਤ ਖਿਲਾਫ ਮੁਕੱਦਮਾ ਥਾਣਾ ਜੈਤੋ ਦਰਜ ਕੀਤਾ ਗਿਆ ਹੈ, ਜਿਸਦਾ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਪੁੱਛਗਿੱਛ ਕੀਤੀ ਜਾਵੇਗੀ।

ਖ਼ੂਨਦਾਨ ਕੈਂਪ ਅੱਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਯਾਦਗਾਰੀ ਸੁਸਾਇਟੀ ਤੇ ਬਾਬਾ ਮੋਤੀ ਰਾਮ ਮਹਿਰਾ ਖੂਨਦਾਨ ਸੁਸਾਇਟੀ ਵੱਲੋਂ ਸਰਹਿੰਦ ਫ਼ਤਹਿ ਦਿਵਸ ਨੂੰ ਸਮਰਪਤ 158ਵਾਂ ਵਿਸ਼ਾਲ ਖੂਨਦਾਨ ਕੈਂਪ 14 ਮਈ ਨੂੰ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਲਗਾਇਆ ਜਾ ਰਿਹਾ ਹੈ। ਉਪਰਕੋਤ ਜਾਣਕਾਰੀ ਸੁਸਾਇਟੀ ਦੇ ਪ੍ਰਧਾਨ ਸ਼ੇਰ ਸਿੰਘ ਨੇ ਦਿੱਤੀ। ਉਨ੍ਹਾਂ ਅਪੀਲ ਕੀਤੀ ਕਿ ਵੱਧ ਤੋਂ ਵੱਧ ਯੂਨਿਟ ਖ਼ੂਨ ਦਾਨ ਕਰਕੇ ਲੋੜਵੰਦ ਮਰੀਜ਼ਾਂ ਦੀ ਮਦਦ ਕੀਤੀ ਜਾਵੇ।

ਸੜਕ ਹਾਦਸੇ 'ਚ ਮੋਟਰਸਾਈਕਲ ਸਵਾਰ ਦੀ ਮੌਤ

ਮਾਛੀਵਾੜਾ ਸਾਹਿਬ (ਸ਼ੌਕੀ ਸ਼ਰਮਾ, ਜਗਦੀਸ਼ ਰਾਏ)-ਨੇੜਲੇ ਪਿੰਡ ਧਨੂੰਰ ਦੇ ਵਾਸੀ ਪ੍ਰਵਾਸੀ ਮਜ਼ਦੂਰ ਛੋਟੇ ਲਾਲ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ। ਮ੍ਰਿਤਕ ਦੇ ਭਰਾ ਨੇ ਬਿਆਨ ਦਰਜ ਕਰਵਾਏ ਕਿ ਉਸ ਦਾ ਭਰਾ ਛੋਟੇ ਲਾਲ ਧਨੂੰਰ ਵਿਖੇ ਰਹਿੰਦਾ ਹੈ ਤੇ ਮਿਹਨਤ ਮਜ਼ਦੂਰੀ ਦਾ ਕੰਮ ਕਰਦਾ ਹੈ ਅਤੇ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਹਿਯਾਤਪੁਰ ਤੋਂ ਮੁਬਾਰਕਪੁਰ ਸੜਕ ਵੱਲ ਜਾ ਰਿਹਾ ਸੀ ਕਿ ਸਾਹਮਣੇ ਤੋਂ ਆ ਰਹੇ ਤੇਜ਼ ਰਫ਼ਤਾਰ ਤੇ ਲਾਪ੍ਰਵਾਹੀ ਨਾਲ ਆ ਰਹੇ ਅਣਪਛਾਤੇ ਵਾਹਨ ਨੇ ਉਸ ਨੂੰ ਫੇਟ ਮਾਰ ਦਿੱਤੀ। ਇਸ ਹਾਦਸੇ ਵਿੱਚ ਉਹ ਜ਼ਖ਼ਮੀ ਹੋ ਗਿਆ, ਜਿਸ ਨੂੰ ਇਲਾਜ ਲਈ ਪੀਜੀਆਈ ਚੰਡੀਗੜ੍ਹ ਦਾਖਲ ਕਰਵਾਇਆ ਗਿਆ। ਅੱਜ ਇਲਾਜ ਦੌਰਾਨ ਛੋਟੇ ਲਾਲ ਦੀ ਮੌਤ ਹੋ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਮਦਨ ਸਿੰਘ ਨੇ ਦੱਸਿਆ ਕਿ ਫਿਲਹਾਲ ਅਣਪਛਾਤੇ ਵਾਹਨ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ ਤੇ ਉਸ ਦੀ ਤਲਾਸ਼ ਕੀਤੀ ਜਾ ਰਹੀ ਹੈ।

ਨਸ਼ੇ ਦੀ ਓਵਰਡੋਜ਼ ਕਾਰਨ ਨੌਜਵਾਨ ਦੀ ਮੌਤ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਜ਼ਿਲ੍ਹਾ ਬਰਨਾਲਾ ਦੇ ਛਾਪਾ-ਕੁਰੜ ਲਿੰਕ ਸੜਕ ਨੇੜਿਓਂ ਇੱਕ ਨੌਜਵਾਨ ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋਣ ਦਾ ਪਤਾ ਲੱਗਿਆ ਹੈ। ਜਾਣਕਾਰੀ ਅਨੁਸਾਰ ਮ੍ਰਿਤਕ ਨੌਜਵਾਨ ਅਵਜੀਤ ਸਿੰਘ, ਪਿੰਡ ਮਿੱਠੇਵਾਲ (ਮਾਲੇਰਕੋਟਲਾ) ਬੀਤੀ ਰਾਤ ਆਪਣਾ ਮੋਟਰਸਾਈਕਲ ਲੈ ਕੇ ਘਰੋਂ ਆਇਆ ਸੀ। ਮੌਕੇ 'ਤੇ ਮੌਜੂਦ ਕਿਸਾਨ ਆਗੂਆਂ ਨੇ ਦੱਸਿਆ ਕਿ ਇਸ ਸੰਬੰਧੀ ਪਤਾ ਲੱਗਣ 'ਤੇ ਜਦੋਂ ਉਨ੍ਹਾਂ ਮੌਕੇ 'ਤੇ ਜਾ ਕੇ ਦੇਖਿਆ ਤਾਂ ਪਿੰਡ ਕੁਰੜ ਨਾਲ ਸੰਬੰਧਤ ਕਿਸਾਨ ਦੀ ਮੋਟਰ 'ਤੇ ਇਹ ਨੌਜਵਾਨ ਮ੍ਰਿਤਕ ਹਾਲਤ 'ਚ ਪਿਆ ਸੀ ਤੇ ਉਸ ਦੀ ਮ੍ਰਿਤਕ ਦੇਹ ਕੋਲ ਇਕ ਸਰਿੰਜ ਤੇ ਲਾਈਟਰ ਪਿਆ ਸੀ। ਸਥਾਨਕ ਪੁਲਸ ਅਧਿਕਾਰੀਆਂ ਨੇ ਕਿਹਾ ਕਿ ਮਾਪਿਆਂ ਦੇ ਬਿਆਨਾਂ ਅਨੁਸਾਰ ਹੀ ਇਸ ਮਾਮਲੇ 'ਚ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

ਸਲਾਈਟ ਵੱਲੋਂ ਨਵੇਂ ਸੈਸ਼ਨ ਤੋਂ ਵੱਖ-ਵੱਖ ਕੋਰਸ ਸ਼ੁਰੂ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਸਲਾਈਟ ਲੌਂਗੋਵਾਲ ਨੇ ਸੈਸ਼ਨ 2024-25 ਤੋਂ ਗਣਿਤ, ਭੌਤਿਕ ਵਿਗਿਆਨ ਤੇ ਰਸਾਇਣ ਵਿਗਿਆਨ ਵਿੱਚ 5 ਸਾਲਾ ਏਕੀਕ੍ਰਿਤ ਬੀ ਐੱਸ ਸੀ ਐੱਮ ਐੱਸ ਸੀ ਪ੍ਰੋਗਰਾਮ ਸ਼ੁਰੂ ਕੀਤਾ ਹੈ, ਇੱਥੇ ਕੁੱਲ 60 ਸੀਟਾਂ ਹਨ। ਇਸ ਕੋਰਸ ਵਿੱਚ ਮੈਡੀਕਲ/ਨਾਨ-ਮੈਡੀਕਲ ਸਟਰੀਮ ਵਾਲੇ ਵਿਦਿਆਰਥੀ ਦਾਖਲਾ ਲੈ ਸਕਦੇ ਹਨ। ਇਹ ਕੋਰਸ ਰਾਸ਼ਟਰੀ ਸਿੱਖਿਆ ਨੀਤੀ (ਐੱਨਈਪੀ-2020) ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮਲਟੀ-ਐਂਟਰੀ ਤੇ ਮਲਟੀ-ਐਗਜ਼ਿਟ ਵਿਕਲਪਾਂ ਨਾਲ ਹੈ ਤੇ ਸੀਟਾਂ ਦਾ ਰਾਖਵਾਂਕਰਨ ਭਾਰਤ ਸਰਕਾਰ ਦੇ ਨਿਯਮਾਂ ਅਨੁਸਾਰ ਹੋਵੇਗਾ। ਇਸ ਕੋਰਸ ਵਿੱਚ ਦਾਖਲਾ ਜੇਸਾ/ਸੀਐੱਸਏਬੀ/ਸੀਯੂਈਟੀ/ਪੀਯੂਸੀਈਟੀ (ਯੂ.ਜੀ.)/ਨੀਟ/ਰਾਸ਼ਟਰੀ ਪ੍ਰੀਖਿਆ (ਯੂਜੀ)

14-MAY-PAGE-11-Majha-24.qxd 5/13/2024 10:51 PM Page 1

ਸੈਂਕੜੇ ਕਿਸਾਨ ਤੇ ਮਜ਼ਦੂਰ ਵਹੀਰਾਂ ਘੱਤ ਕੇ ਜਗਰਾਓਂ ਰੈਲੀ 'ਚ ਪੁੱਜਣਗੇ : ਜਾਮਾਰਾਏ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਜਮਹੂਰੀ ਕਿਸਾਨ ਸਭਾ ਪੰਜਾਬ ਦੀ ਜ਼ਿਲਾ ਕਮੇਟੀ ਦੀ ਮੀਟਿੰਗ ਜ਼ਿਲਾ ਪ੍ਰਧਾਨ ਮਨਜੀਤ ਸਿੰਘ ਬੱਗੂ ਦੀ ਪ੍ਰਧਾਨਗੀ ਹੇਠ ਜਿਲਾ ਦਫਤਰ ਵਿੱਖੇ ਹੋਈ ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸਭਾ ਦੇ ਸੂਬਾਈ ਆਗੂ ਪਰਗਟ ਸਿੰਘ ਜਾਮਾਰਾਏ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਭਾਜਪਾ ਹਰਾਓ, ਕਾਰਪੋਰੇਟ ਭਜਾਓ, ਦੇਸ਼ ਬਚਾਓ ਦੇ ਨਾਹਰੇ ਹੇਠ ਕੀਤੀ ਜਾ ਰਹੀ ਜਗਰਾਓਂ ਰੈਲੀ ਵਿੱਚ ਪੰਜਾਬ ਭਰ 'ਚੋਂ ਹਜ਼ਾਰਾਂ ਅਤੇ ਜ਼ਿਲੇ ਵਿੱਚੋਂ ਸੈਂਕੜੇ ਕਿਸਾਨ ਮਜ਼ਦੂਰ ਸ਼ਮੂਲੀਅਤ ਕਰਨਗੇ।

ਉਨ੍ਹਾਂ ਕਿਹਾ ਕਿ ਮੋਦੀ ਅਤੇ ਉਸਦੀ ਜੁੰਡਲੀ ਕਿਸਾਨ ਮਜ਼ਦੂਰ ਅਤੇ ਹਰ ਵਰਗ ਦੇ ਲੋਕਾਂ ਦੇ ਵਿਰੋਧ 'ਚ ਕਾਨੂੰਨ ਬਣਾ ਰਹੀ ਹੈ।

ਕਿਸਾਨਾਂ ਦੀਆਂ ਫਸਲਾਂ ਤੇ ਐੱਮਐੱਸਪੀ ਦੀ ਗਰੰਟੀ ਕਾਨੂੰਨ ਨਾ ਬਣਾਉਣਾ, ਮਜ਼ਦੂਰਾਂ ਦੇ ਕਿਰਤ ਕਾਨੂੰਨਾਂ ਨੂੰ ਤੋੜ ਕੇ ਚਾਰ ਕੋਡਾਂ ਵਿੱਚ ਬਦਲਣਾ, ਛੋਟੇ ਕਾਰੋਬਾਰ ਤਬਾਹ ਕਰਕੇ ਕਾਰਪੋਰੇਟ ਪੱਖੀ ਨੀਤੀਆਂ ਨੂੰ ਤੇਜ਼ੀ ਨਾਲ ਲਾਗੂ ਕਰਨਾ, ਸਰਕਾਰੀ/ਅਰਧ ਸਰਕਾਰੀ ਮਹਿਕਮਿਆਂ ਦਾ ਭੋਗ ਪਾਉਣਾ ਅਤੇ ਰੁਜ਼ਗਾਰ ਦੇ ਵਸੀਲੇ ਬੰਦ ਕਰਨਾ ਆਦਿ ਨੀਤੀਆਂ ਨੂੰ ਤੇਜ਼ੀ ਨਾਲ ਲਾਗੂ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਬੀਜੇਪੀ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਨੂੰ ਰੱਦ ਕਰਨ ਲਈ ਲੋਕ ਪੱਖੀ ਨੀਤੀਆਂ ਲਿਆਉਣ ਲਈ ਸੰਘਰਸ਼ ਦੇ ਮੈਦਾਨ 'ਚ ਆਉਣਾ ਜ਼ਰੂਰੀ ਹੈ।

ਮੀਟਿੰਗ ਵਿੱਚ ਮੁਖਤਾਰ ਸਿੰਘ ਮੱਲਾ, ਪਲਵਿੰਦਰ ਸਿੰਘ ਸੇਰੋ, ਰੇਸ਼ਮ ਸਿੰਘ ਫੈਲੋਕੇ, ਨਰਿੰਦਰ ਸਿੰਘ ਤੁੜ, ਜਗੀਰ ਸਿੰਘ ਗੰਡੀਵਿੰਡ, ਸੁਰਿੰਦਰ ਸਿੰਘ ਖੱਬੇ, ਜੰਗ ਬਹਾਦਰ, ਕੁਲਦੀਪ ਸਿੰਘ ਊਸਮਾ, ਦਾਰਾ ਸਿੰਘ ਮੁੰਡਾ ਪਿੰਡ, ਚੈਂਚਲ ਸਿੰਘ ਜਹਾਂਗੀਰ, ਹਰਦੀਪ ਸਿੰਘ ਰਸੂਲਪੁਰ, ਹਰਭਜਨ ਸਿੰਘ ਚੀਮਾ, ਕਰਮ ਸਿੰਘ ਤਖਤੂਚੱਕ ਆਦਿ ਹਾਜ਼ਰ ਸਨ ।

ਲਾਪਤਾ ਵਿਅਕਤੀ ਦੀ ਛੱਪੜ 'ਚੋਂ ਲਾਸ਼ ਮਿਲੀ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਦਿਮਾਗ਼ੀ ਤੌਰ 'ਤੇ ਬਿਮਾਰ ਵਿਅਕਤੀ ਜੋ ਕਿ 10 ਮਈ ਰਾਤ ਤੋਂ ਪਿੰਡ ਕਾਹਲਵਾਂ ਤੋਂ ਲਾਪਤਾ ਸੀ, ਦੀ ਅੱਜ ਆਪਣੇ ਹੀ ਪਿੰਡ ਦੇ ਛੱਪੜ ਤੋਂ ਲਾਸ਼ ਮਿਲੀ ਹੈ।ਇਸ ਸਬੰਧ ਵਿੱਚ ਪਿੰਡ ਦੇ ਸਰਪੰਚ ਸੁਲੱਖਣ ਮਸੀਹ ਨੇ ਦੱਸਿਆ ਕਿ ਕਨੈਲ ਸਿੰਘ (60) ਜੋ ਕਿ ਦਿਮਾਗ਼ੀ ਤੌਰ 'ਤੇ ਬਿਮਾਰ ਸੀ,10 ਮਈ ਨੂੰ ਰਾਤ ਗ਼ਾਇਬ ਹੋ ਗਿਆ।ਪਰਵਾਰ ਨੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਉਸ ਦੀ ਭਾਲ ਸ਼ੁਰੂ ਕਰ ਦਿੱਤੀ।ਅੱਜ ਸਵੇਰੇ ਉਸ ਦੀ ਲਾਸ਼ ਛੱਪੜ ਵਿੱਚ ਤੈਰਦੀ ਮਿਲੀ ਜਿਸ 'ਤੇ ਸਥਾਨਕ ਪੁਲਸ ਨੂੰ ਤੁਰੰਤ ਸੂਚਿਤ ਕੀਤਾ ਗਿਆ।

ਮ੍ਰਿਤਕ ਆਪਣੇ ਪਿੱਛੇ ਪਤਨੀ ਤੋਂ ਇਲਾਵਾ ਦੋ ਬੇਟੀਆਂ ਅਤੇ ਇੱਕ ਬੇਟਾ ਪਿੱਛੇ ਛੱਡ ਗਿਆ ਹੈ।ਪੁਲਸ ਨੇ ਮ੍ਰਿਤਕ ਦੇ ਪਰਵਾਰ ਦੇ ਬਿਆਨਾਂ ਦੇ ਆਧਾਰ 'ਤੇ ਧਾਰਾ 174 ਤਹਿਤ ਕਾਰਵਾਈ ਕਰ ਕੇ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਹੈ।

ਟਰੈਕਟਰ-ਟਰਾਲੀ 'ਚ ਲੱਦੀ ਪਰਾਲੀ ਨੂੰ ਲੱਗੀ ਭਿਆਨਕ ਅੱਗ, ਬੜੀ ਮੁਸ਼ਕਿਲ ਨਾਲ ਪਾਇਆ ਅੱਗ 'ਤੇ ਕਾਬੂ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਡੱਡਵਾਂ ਰੋਡ ਧਾਰੀਵਾਲ ਉਪਰ ਲੰਘੀ ਕੱਲ੍ਹ ਐਤਵਾਰ ਸ਼ਾਮ ਨੂੰ ਸ਼ਹਿਰ ਵੱਲ ਨੂੰ ਆ ਰਹੇ ਇਕ ਟਰੈਕਟਰ-ਟਰਾਲੀ ਵਿੱਚ ਲੱਦੀ ਪਰਾਲੀ ਬਿਜਲੀ ਸਪਲਾਈ ਦੀਆਂ ਤਾਰਾਂ ਨਾਲ ਲੱਗਣ ਕਾਰਨ ਜੋੜ ਤੋਂ ਹੋਈ ਸਪਾਰਕ ਨਾਲ ਨਿਕਲੇ ਚੰਗਿਆੜਿਆਂ ਨਾਲ ਟਰਾਲੀ ਵਿੱਚ ਲੱਦੀ ਪਰਾਲੀ ਨੂੰ ਭਿਆਨਕ ਅੱਗ ਲੱਗ ਗਈ। ਇਸ ਭਿਆਨਕ ਅੱਗ ਲੱਗਣ ਨਾਲ ਆਸ ਪਾਸ ਦੇ ਦੁਕਾਨਦਾਰਾਂ ਤੇ ਸ਼ਹਿਰ ਵਾਸੀਆਂ ਵਿੱਚ ਦਹਿਸ਼ਤ ਦਾ ਮਹੌਲ ਪੈਦਾ ਹੋ ਗਿਆ। ਇਸ ਸਬੰਧੀ ਸੂਚਨਾ ਮਿਲਣ 'ਤੇ ਮੌਕੇ ਪਹੁੰਚੀ ਫਾਇਰ ਬ੍ਰਿਗੇਡ ਗੱਡੀ ਨੇ ਆਸ ਪਾਸ ਦੇ ਦੁਕਾਨਦਾਰਾਂ ਤੇ ਲੋਕਾਂ ਦੀ ਮਦਦ ਨਾਲ ਬੜੀ ਮੁਸ਼ੱਕਤ ਨਾਲ ਅੱਗ ਤੇ ਕਾਬੂ ਪਾ ਕੇ ਵੱਡਾ ਹਾਦਸਾ ਹੋਣੋਂ ਬਚਾਅ ਲਿਆ। ਇਸ ਸਬੰਧੀ ਸੂਚਨਾ ਮਿਲਣ 'ਤੇ ਥਾਣਾ ਧਾਰੀਵਾਲ ਦੇ ਏਐੱਸਆਈ ਜਗਦੀਸ ਸਿੰਘ ਵੀ ਪੁਲੀਸ ਪਾਰਟੀ ਸਮੇਤ ਮੌਕੇ ਤੇ ਪਹੁੰਚੇ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਹਯਾਤ ਨਗਰ ਗੁਰਦਾਸਪੁਰ ਵਿਖੇ ਰਹਿਦੇ ਗੁੱਜਰ ਭਾਈਚਾਰੇ ਦੇ ਪਰਿਵਾਰ ਨੇ ਧਾਰੀਵਾਲ ਨੇੜੇ ਪਿੰਡ ਸੰਘਰ ਵਿੱਚੋਂ ਪਰਾਲੀ ਲਈ ਹੋਈ ਸੀ। ਇਸ ਪਰਾਲੀ ਨੂੰ ਗੁੱਜਰਾਂ ਦੇ ਨਾਲ ਨਰਿੰਦਰ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਹਯਾਤ ਨਗਰ ਆਪਣੇ ਟਰੈਕਟਰ-ਟਰਾਲੀ ਵਿੱਚ ਗੁੱਜਰਾਂ ਦੀ ਪਰਾਲੀ ਲੱਦ ਕੇ ਪਿੰਡ ਸੰਘਰ ਤੋਂ ਲੈ ਕੇ ਜਦੋਂ ਡੱਡਵਾਂ ਰੋਡ ਧਾਰੀਵਾਲ ਵਿਖੇ ਡੀਏਵੀ ਸਕੂਲ ਦੇ ਸਾਹਮਣੇ ਪਹੁੰਚੇ ਤਾਂ ਇਕ ਟਰਾਂਸਫਾਰਮਰ ਤੋਂ ਜਾ ਰਹੀ ਬਿਜਲੀ ਸਪਲਾਈ ਦੀ ਕੇਬਲ ਦੇ ਜੋੜ ਨਾਲ ਪਰਾਲੀ ਦੀ ਲੱਦ ਲੱਗਣ ਕਾਰਨ ਬਿਜਲੀ ਦੀਆਂ ਤਾਰਾਂ ਤੋਂ ਨਿਗਲੇ ਚੰਗਿਆੜਿਆਂ ਨਾਲ ਪਰਾਲੀ ਨੂੰ ਅੱਗ ਲੱਗ ਗਈ। ਟਰੈਕਟਰ ਚਾਲਕ ਨਰਿੰਦਰ ਸਿੰਘ ਨੇ ਬੜੀ ਫੁਰਤੀ ਨਾਲ ਟਰੈਕਟਰ ਨੂੰ ਟਰਾਲੀ ਤੋਂ ਤੁਰੰਤ ਵੱਖ ਕਰ ਦਿੱਤਾ। ਇਸ ਸਬੰਧੀ ਸੂਚਨਾ ਮਿਲਣ 'ਤੇ ਗੁਰਦਾਸਪੁਰ ਤੋਂ ਪਹੁੰਚੀ ਫਾਇਰ ਬ੍ਰਿਗੇਡ ਗੱਡੀ ਨੇ ਆਸ ਪਾਸ ਦੇ ਦੁਕਾਨਦਾਰਾਂ ਅਤੇ ਸ਼ਹਿਰਵਾਸੀਆਂ ਦੀ ਮਦਦ ਨਾਲ ਬੜੀ ਮੁਸ਼ੱਕਤ ਨਾਲ ਅੱਗ ਉਪਰ ਕਾਬੂ ਪਾ ਕੇ ਹੋਰ ਜਾਨੀ ਮਾਲੀ ਨੁਕਸਾਨ ਹੋਣੋਂ ਬਚਾਅ ਲਿਆ। ਘਟਨਾ ਸਥਾਨ ਨੇੜਲੇ ਦੁਕਾਨਦਾਰਾਂ ਅਤੇ ਸ਼ਹਿਰ ਵਾਸੀਆਂ ਦੱਸਿਆ ਕਿ ਜੇਕਰ ਅੱਗ ਤੇ ਜਲਦ ਕਾਬੂ ਨਾ ਪਾਇਆ ਜਾਂਦਾ ਤਾਂ ਟਰਾਲੀ ਦੇ ਟਾਇਰ ਫੱਟ ਸਕਦੇ ਸਨ, ਜਿਸ ਨਾਲ ਇਲਾਕੇ ਅੰਦਰ ਬਹੁਤ ਵੱਡਾ ਨੁਕਸਾਨ ਹੋ ਸਕਦਾ ਸੀ। ਇਸ ਅੱਗ ਲੱਗਣ ਦੀ ਘਟਨਾ ਦੌਰਾਨ ਟਰਾਲੀ ਵਿੱਚ ਲੱਦੀ ਹੋਈ ਪਰਾਲੀ ਸੜ ਗਈ, ਪਰ ਹੋਰ ਕੋਈ ਵੀ ਜਾਨੀ ਮਾਨੀ ਨੁਕਸਾਨ ਹੋਣ ਤੋਂ ਬਚ ਗਿਆ।

ਵਾਰਿਸ ਸ਼ਾਹ ਫ਼ਾਊਂਡੇਸ਼ਨ ਵੱਲੋਂ ਸੁਰਜੀਤ ਪਾਤਰ ਦੇ ਵਿਛੋੜੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਵਾਰਿਸ ਸ਼ਾਹ ਫ਼ਾਊਂਡੇਸ਼ਨ ਵੱਲੋਂ ਬਹੁਤ ਹੀ ਹਰਮਨ ਪਿਆਰੇ ਪੰਜਾਬੀ ਦੇ ਸਿਰਮੌਰ ਕਵੀ, ਆਲੋਚਕ ਤੇ ਅਧਿਆਪਕ ਸੁਰਜੀਤ ਪਾਤਰ ਦੀ ਬੇਵਕਤੀ ਮੌਤੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਫ਼ਾਊਂਡੇਸ਼ਨ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ, ਜਨਰਲ ਸਕੱਤਰ ਡਾ. ਚਰਨਜੀਤ ਸਿੰਘ ਗੁਮਟਾਲਾ ਤੇ ਸਮੂਹ ਮੈਂਬਰਾਨ ਵਲੋਂ ਜਾਰੀ ਇੱਕ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਦੇ ਅਕਾਲ ਚਲਾਣੇ ਨਾਲ ਕਦੇ ਵੀ ਨਾ ਪੂਰਾ ਕੀਤਾ ਜਾਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਇਕ ਯੁੱਗ ਦਾ ਅੰਤ ਹੋ ਗਿਆ। ਉਨ੍ਹਾਂ ਨੇ ਕੋਲਾਜ, ਹਵਾ ਵਿਚ ਲਿਖੇ ਹਰਫ਼, ਬਿਰਖ ਅਰਜ਼ ਕਰੇ, ਹਨੇਰੇ ਵਿਚ ਸੁਲਗਦੀ ਵਰਣਮਾਲਾ, ਲਫ਼ਜ਼ਾਂ ਦੀ ਦਰਗਾਹ, ਪਤਝੜ ਦੀ ਪਾਜੇਬ, ਸੁਰ ਜ਼ਮੀਨ, ਚੰਨ ਸੂਰਜ ਦੀ ਵਹਿੰਗੀ ਤੋਂ ਇਲਾਵਾ ਦਰਜਨ ਦੇ ਕਰੀਬ ਪੁਸਤਕਾਂ ਦੇ ਅਨੁਵਾਦ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਏ। ਉਹ ਅੱਜ ਭਾਵੇਂ ਸਾਡੇ ਵਿੱਚ ਨਹੀਂ ਰਹਿ ਪਰ ਉਨ੍ਹਾਂ ਵੱਲੋਂ ਪੰਜਾਬੀ ਸਾਹਿਤ ਲਈ ਪਾਏ ਵੱਡਮੁੱਲੇ ਯੋਗਦਾਨ ਲਈ ਉਨ੍ਹਾਂ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ।

ਬੇਅਦਬੀ ਮਾਮਲੇ 'ਚ ਹੋਲੀ ਸਿਟੀ ਦੇ ਕਾਲੋਨਾਈਜ਼ਰ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸਥਾਨਕ ਹੋਲੀ ਸਿਟੀ ਕਲੋਨੀ ਦੇ ਕਾਲੋਨਾਈਜ਼ਰ ਵਲੋਂ ਕਲੋਨੀ ਦੇ ਅੰਦਰ ਸਥਾਪਤ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਇਤਿਹਾਸ ਗੁਰਦੁਆਰਾ ਅਦਾਲਤ ਸਾਹਿਬ ਦਾ ਕਲੋਨੀ ਦੇ ਬਾਹਰ ਲੱਗਾ ਬੋਰਡ ਪੁੱਟ ਕੇ ਸੁੱਟਣ ਦੇ ਮਾਮਲੇ ਵਿੱਚ ਪੁਲਸ ਵੱਲੋਂ ਕੇਸ ਦਰਜ ਹੋਣ ਦੇ ਬਾਵਜੂਦ ਸ਼ਰੇਆਮ ਕਲੋਨੀ ਵਿੱਚ ਗੁੰਮ ਰਹੇ ਕਾਲੋਨਾਈਜ਼ਰ ਹਰਿੰਦਰ ਸਿੰਘ ਤੇ ਉਸਦੇ ਸਾਥੀਆਂ ਨੂੰ ਪੁਲਸ ਵੱਲੋਂ ਅਜੇ ਤੱਕ ਗ੍ਰਿਫਤਾਰ ਨਾ ਕਰਨ ਦੇ ਰੋਸ ਵਜੋਂ ਸੰਗਤਾਂ ਵਲੋਂ ਗੁਰਦੁਆਰਾ ਸਾਹਿਬ ਵਿਖੇ ਵੱਡਾ ਇਕੱਠ ਕਰਕੇ ਉਸਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਗਈ ਅਤੇ ਪੁਲਸ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਇਸਨੂੰ ਤੁਰੰਤ ਗ੍ਰਿਫ਼ਤਾਰ ਨਾ ਕੀਤਾ ਗਿਆ ਤਾਂ ਸੰਗਤਾਂ ਵਲੋਂ ਸੜਕਾਂ ਤੇ ਉਤਰ ਕੇ ਧਰਨਾ ਲਗਾਇਆ ਜਾਵੇਗਾ ਜਿਸਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ। ਸੈਂਕੜਿਆਂ ਦੀ ਗਿਣਤੀ ਵਿੱਚ ਸੰਗਤਾਂ ਗੁਰਦੁਆਰਾ ਸੱਚੀ ਅਦਾਲਤ ਸਾਹਿਬ ਵਿਖੇ ਪਹੁੰਚੀਆਂ ਅਤੇ ਸੁਖਮਨੀ ਸਾਹਿਬ ਦੇ ਪਾਠ ਕਰਨ ਉਪਰੰਤ ਹਾਲ ਵਿੱਚ ਵੱਡੇ ਇਕੱਠ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨੇ ਸੰਬੋਧਨ ਕਰਦਿਆਂ ਮੰਗ ਕੀਤੀ ਕਿ ਇਸ ਕਾਲੋਨਾਈਜ਼ਰ ਅਤੇ ਇਸਦੇ ਕਰਿੰਦਿਆਂ ਜਿਨ੍ਹਾਂ ਵਿਰੁੱਧ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਅਤੇ ਚੋਰੀ ਦਾ ਕੇਸ ਦਰਜ ਹੈ, ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਸਾਡੇ ਗੁਰੂ ਸਾਹਿਬਾਨ ਦੀ ਬੇਅਦਬੀ ਕੀਤੀ ਗਈ ਹੈ ਇਸਨੂੰ ਕਦੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਜੇਕਰ ਗ੍ਰਿਫਤਾਰ ਨਾ ਕੀਤਾ ਤਾਂ ਕਲੋਨੀ ਦੇ ਬਾਹਰ ਪੱਕਾ ਮੋਰਚਾ ਲਾਇਆ ਜਾਵੇਗਾ। ਇਸ ਮੌਕੇ ਡਾ. ਸ਼ਰਨਜੀਤ ਸਿੰਘ ਢਿੱਲੋਂ ਸਾਬਕਾ ਰਜਿਸਟਰਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸੁਰਿੰਦਰਪਾਲ ਸਿੰਘ ਮਾਹਲ, ਦਿਲਬਾਗ ਸਿੰਘ ਸੰਧੂ ਨੌਸ਼ਹਿਰਾ, ਡਾਕਟਰ ਗਗਨਦੀਪ ਸਿੰਘ ਢਿੱਲੋਂ, ਪ੍ਰੋ: ਬਿਕਰਮਜੀਤ ਸਿੰਘ ਬਾਜਵਾ, ਸੰਦੀਪ ਸਿੰਘ ਬਾਜਵਾ, ਸਕੱਤਰ ਸਿੰਘ, ਪ੍ਰੋਰਾਜਕਰਨ ਸਿੰਘ ਰੰਧਾਵਾ, ਗੁਰਪ੍ਰੀਤ ਸਿੰਘ ਸਿੱਧੂ, ਦਿਲਬਾਗ ਸਿੰਘ ਸੋਹਲ, ਪ੍ਰੋਫੈਸਰ ਨਾਭਾ, ਹਰਜੀਤ ਸਿੰਘ, ਪੰਕਜ਼ ਸ਼ਰਮਾ, ਰਣਜੀਤ ਸਿੰਘ ਰਾਣਾ, ਜਸਪਾਲ ਸਿੰਘ ਲਾਟੀ, ਸਿਕੰਦਰ ਸਿੰਘ ਗਿੱਲ, ਅਮੋਲਕ ਸਿੰਘ ਮਾਨ ਆਦਿ ਸਮੇਤ ਸੈਂਕੜੇ ਲੋਕ ਹਾਜ਼ਰ ਸਨ।

ਜ਼ੀਰਾ ਦੇ ਹੱਕ 'ਚ ਫਤਿਹਾਵਾਦ ਵਿਖੇ ਕਾਂਗਰਸੀ ਵਰਕਰਾਂ ਦੀ ਇਕੱਤਰਤਾ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਦੇ ਹੱਕ 'ਚ ਵਰਕਰ ਮੀਟਿੰਗ ਬਲਵਿੰਦਰ ਸਿੰਘ ਰਿਟਾਇਰਡ ਕਾਨੂੰਗੋ ਦੇ ਗ੍ਰਹਿ ਫਤਿਹਾਬਾਦ ਵਿਖੇ ਹੋਈ ਜਿਸ ਵਿਚ ਸਾਬਕਾ ਵਿਧਾਇਕ ਰਮਨਜੀਤ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।ਇਸ ਮੀਟਿੰਗ ਵਿਚ ਨੇੜਲੇ ਪਿੰਡਾਂ ਦੇ ਪੰਚਾਂ ਸਰਪੰਚਾਂ ਤੇ ਮੋਹਤਬਰ ਕਾਂਗਰਸੀ ਆਗੂਆਂ ਨੇ ਹਾਜ਼ਰੀ ਭਰੀ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਵਿਧਾਇਕ ਸਿੱਕੀ ਨੇ ਕਿਹਾ ਕਿ ਜ਼ੀਰਾ ਵੱਡੀ ਲੀਡ ਨਾਲ ਜਿੱਤ ਦਰਜ ਕਰਨਗੇ। ਉਨ੍ਹਾਂ ਕਿਹਾ ਕਿ ਆਪ ਸਰਕਾਰ ਤੋਂ ਪੰਜਾਬ ਦੇ ਲੋਕਾਂ ਦਾ ਮੋਹ ਭੰਗ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਆਪਣੀ ਸਿਆਸੀ ਜ਼ਮੀਨ ਗਵਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦਾ ਹਰ ਵਰਕਰ ਜ਼ੀਰਾ ਦੀ ਜਿੱਤ ਲਈ ਦਿਨ-ਰਾਤ ਇੱਕ ਕਰ ਰਿਹਾ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜਗਵਿੰਦਰ ਸਿੰਘ ਮਣਕੂ, ਪ੍ਰਦੀਪ ਕੁਮਾਰ ਚੋਪੜਾ, ਕੁਲਜੀਤ ਸਿੰਘ ਬਿੰਦ, ਗੁਰਦੇਵ ਸਿੰਘ ਪਵਾਰ, ਬਲਦੇਵ ਸਿੰਘ ਨੰਬਰਦਾਰ, ਸੁਖਦੇਵ ਸਿੰਘ ਨੰਬਰਦਾਰ, ਧਰਮ ਸਿੰਘ ਮੈਂਬਰ, ਕੁਲਦੀਪ ਸਿੰਘ ਮੈਂਬਰ, ਜਗਤਾਰ ਸਿੰਘ ਜਾਗੀ, ਜਗਰੂਪ ਸਿੰਘ ਸਰਪੰਚ, ਜੰਗਲੀ ਮਹਾਸ਼ਾ, ਦਵਿੰਦਰ ਸਿੰਘ ਕਾਕਾ ਮੈਂਬਰ, ਕਰਨੈਲ ਸਿੰਘ, ਬਚਨ ਸਿੰਘ, ਨਿਰਮਲ ਸਿੰਘ, ਸੁਖਚੈਨ ਸਿੰਘ, ਗੁਰਕੀਰਤ ਸਿੰਘ, ਸੁਖਦੇਵ ਰਾਜ ਸੁੱਖ, ਗੁਰਭੇਜ ਸਿੰਘ ਆਦਿ ਹਾਜ਼ਰ ਸਨ।

ਧਾਲੀਵਾਲ ਨੂੰ ਹਲਕਾ ਮਜੀਠਾ ਦੇ ਪਿੰਡਾਂ 'ਚੋਂ ਸ਼ਾਨ ਨਾਲ ਜਿਤਾਇਆ ਜਾਵੇ: ਜੱਗਾ ਮਜੀਠਾ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਆਮ ਆਦਮੀ ਪਾਰਟੀ ਮਾਨਯੋਗ ਸੁਪਰੀਮ ਕੋਰਟ ਦੀ ਤਹਿ ਦਿਲੋਂ ਧੰਨਵਾਦੀ ਹੈ ਜਿਸ ਨੇ ਭਾਰਤ ਦੇ ਲੋਕਤੰਤਰ ਅਤੇ ਸੰਵਿਧਾਨਕ ਢਾਂਚੇ ਨੂੰ ਬਚਾਉਣ ਲਈ ਅਰਵਿੰਦ ਕੇਜਰੀਵਾਲ ਨੂੰ ਚੋਣ ਪ੍ਰਚਾਰ ਕਰਨ ਲਈ ਜ਼ਮਾਨਤ ਦੇ ਦਿੱਤੀ ਹੈ ਜਿਸ ਤੋਂ ਸਪਸ਼ਟ ਹੈ ਕਿ ਮੋਦੀ ਸਰਕਾਰ ਦੀ ਤਾਨਾਸ਼ਾਹੀ ਦਾ ਹੁਣ ਅੰਤ ਆ ਗਿਆ ਹੈ। ਇਹ ਪ੍ਰਗਟਾਵਾ ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਇੰਚਾਰਜ ਜਗਵਿੰਦਰ ਪਾਲ ਸਿੰਘ ਜੱਗਾ ਮਜੀਠਾ ਨੇ ਅੰਮ੍ਰਿਤਸਰ ਲੋਕ ਸਭਾ ਹਲਕਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਦੇ ਹੱਕ ਵਿੱਚ ਹਲਕਾ ਮਜੀਠਾ ਦੇ ਵੱਖ-ਵੱਖ ਪਿੰਡਾਂ ਵਿੱਚ ਚੋਣ ਪ੍ਰਚਾਰ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਮਜੀਠਾ ਹਲਕੇ ਦੇ ਪਿੰਡਾਂ ਵਿੱਚ ਕੁਲਦੀਪ ਸਿੰਘ ਧਾਲੀਵਾਲ ਦੀ ਚੋਣ ਮਹਿਮ ਨੂੰ ਭਰਵਾਂ ਹੁੰਗਾਰਾ ਮਿਲ ਰਿ

14-MAY-PAGE-12.qxd 5/13/2024 10:50 PM Page 1

ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਚੇਤਨਾ ਕਨਵੈਨਸ਼ਨ

ਹੁਸ਼ਿਆਰਪੁਰ, (ਬਲਵੀਰ ਸੈਣੀ) ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੀ ਜਲੰਧਰ ਕਨਵੈਨਸ਼ਨ ਵਿੱਚ ਕੀਤੇ ਗਏ ਐਲਾਨ ਅਨੁਸਾਰ ਕੇਂਦਰ ਦੀ ਮੋਦੀ ਸਰਕਾਰ ਦੇ ਤਾਨਾਸ਼ਾਹ ਰਵੱਈਏ ਅਤੇ ਸੂਬਾ ਸਰਕਾਰ ਵਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਪ੍ਰਤੀ ਧਾਰੀ ਚੁੱਪ ਦੇ ਵਿਰੋਧ ਵਿੱਚ ਸਾਂਝੇ ਫਰੰਟ ਦੇ ਆਗੂ ਕੁਲਵਰਨ ਸਿੰਘ, ਸਤੀਸ਼ ਰਾਣਾ, ਪ੍ਰਵੇਸ਼ ਕੁਮਾਰ, ਬਹਾਦਰ ਸਿੰਘ, ਬਲਵਿੰਦਰ ਸਿੰਘ ਗਿੱਲ, ਸੰਜੀਵ ਧੂਤ ਤੇ ਅਧਾਰਿਤ ਪ੍ਰਧਾਨਗੀ ਮੰਡਲ ਦੀ ਅਗਵਾਈ ਵਿੱਚ ਮੁਲਾਜ਼ਮ ਭਵਨ ਹੁਸ਼ਿਆਰਪੁਰ ਵਿਖੇ ਇੱਕ ਤਹਿਸੀਲ ਪੱਧਰੀ ਚੇਤਨਾ ਕਨਵੈਨਸ਼ਨ ਕਰਵਾਈ ਗਈ।ਕਨਵੈਨਸ਼ਨ ਵਿੱਚ ਵੱਡੀ ਗਿਣਤੀ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਲੋਂ ਭਾਗ ਲਿਆ ਗਿਆ। ਸਟੇਜ ਦੀ ਕਾਰਵਾਈ ਚਲਾਉਂਦਿਆਂ ਸਾਂਝੇ ਫਰੰਟ ਦੇ ਆਗੂ ਇੰਦਰਜੀਤ ਵਿਰਦੀ ਵਲੋਂ ਪਦਮਸ਼੍ਰੀ ਕਵੀ ਸੁਰਜੀਤ ਪਾਤਰ ਦੇ ਅਚਾਨਕ ਸਦੀਵੀ ਵਿਛੋੜੇ ਤੇ ਸ਼ੋਕ ਮਤਾ ਰੱਖਿਆ ਗਿਆ ਅਤੇ ਹਾਜਰ ਇਕੱਠ ਵਲੋਂ 2 ਮਿੰਟ ਦਾ ਮੌਨ ਰੱਖਕੇ ਇਸ ਮਹਾਨ ਕਵੀ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।ਇਸ ਉਪਰੰਤ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਸਤੀਸ਼ ਰਾਣਾ, ਪ੍ਰਵੇਸ਼ ਕੁਮਾਰ, ਸ਼ਮਸ਼ੇਰ ਸਿੰਘ ਧਾਮੀ, ਬਹਾਦਰ ਸਿੰਘ, ਬਲਵਿੰਦਰ ਸਿੰਘ ਗਿੱਲ, ਡੀ.ਕੇ. ਮਹਿਤਾ, ਪ੍ਰਿੰਸੀਪਲ ਅਮਨਦੀਪ ਸ਼ਰਮਾ, ਸੰਜੀਵ ਧੂਤ, ਦਵਿੰਦਰ ਸਿੰਘ ਕੱਕੋਂ, ਮਨਜੀਤ ਸੈਣੀ ਵਲੋਂ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਇਹ ਕਨਵੈਨਸ਼ਨ ਕੇਂਦਰ ਦੀ ਮੋਦੀ ਸਰਕਾਰ ਵਿਰੁੱਧ ਮੁਲਾਜਮਾਂ ਅਤੇ ਪੈਨਸ਼ਨਰਾਂ ਨੂੰ ਲਾਮਬੰਦ ਕਰਨ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਸਬਕ ਸਿਖਾਉਣ ਲਈ ਕੀਤੀ ਗਈ। ਕੇਂਦਰ ਦੀ ਮੋਦੀ ਸਰਕਾਰ ਭਾਰਤੀ ਲੋਕਤੰਤਰ ਨੂੰ ਧਰਮ ਦੀ ਪੁੱਠ ਚਾੜ ਕੇ ਲੋਕਾਂ ਵਿੱਚ ਵੰਡੀਆਂ ਪਾ ਰਹੀ ਹੈ ਅਤੇ ਪੰਜਾਬ ਦੀ 'ਆਪ' ਸਰਕਾਰ ਮੁਲਾਜਮਾਂ ਅਤੇ ਪੈਨਸ਼ਨਰਾਂ ਨਾਲ ਕੀਤੇ ਵਾਇਦੇ ਜਿਨ੍ਹਾਂ ਵਿੱਚ ਪੁਰਾਣੀ ਪੈਨਸ਼ਨ ਬਹਾਲ ਕਰਨ, ਤਨਖਾਹ ਕਮਿਸ਼ਨ ਦੇ ਬਕਾਏ, ਜਬਰੀ ਥੋਪਿਆ ਕੇਂਦਰੀ ਤਨਖਾਹ ਕਮਿਸ਼ਨ, ਪੈਨਸ਼ਨਰਾਂ ਲਈ 2.59 ਗੁਣਾਂਕ, ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਰੈਗੂਲਰ ਕਰਨ, ਮਿਡ-ਡੇ-ਮੀਲ, ਆਂਗਣਵਾੜੀ, ਆਸ਼ਾ ਵਰਕਰਾਂ, ਆਉਟਸੋਰਸਿੰਗ, ਇਨਲਿਸਟਮੈਂਟ ਅਤੇ ਡੋਲੀਵੇਜ ਵਰਕਰਾਂ ਲਈ ਢੁਕਵੇਂ ਪੇਅ ਸਕੇਲ, ਏ.ਸੀ.ਪੀ ਸਕੀਮ ਲਾਗੂ ਕਰਨ, ਕੱਟੇ 37 ਭੱਤੇ ਬਹਾਲ ਕਰਨ ਅਤੇ ਕਈ ਹੋਰ ਹੱਕੀ ਅਤੇ ਜਾਇਜ ਮੰਗਾਂ ਪ੍ਰਤੀ ਆਪ ਸਰਕਾਰ ਵਲੋਂ ਅਪਣਾਏ ਰਵੱਈਏ ਵਿਰੁੱਧ ਲੋਕ ਸਭਾ ਚੋਣਾਂ ਵਿੱਚ ਸਬਕ ਸਿਖਾਉਣ ਲਈ ਵੋਟ ਦੀ ਚੋਟ ਨੂੰ ਅਮਲੀ ਰੂਪ ਦੇਣ ਲਈ ਚੇਤਨਾ ਕੰਨਵੈਨਸ਼ਨ ਕਰਵਾਈ ਗਈ। ਕਨਵੈਨਸ਼ਨ ਦੇ ਅੰਤ ਵਿੱਚ ਜ਼ਿਲ੍ਹਾ ਕਨਵੀਨਰ ਪ੍ਰਿੰਸੀਪਲ ਕੁਲਵਰਨ ਸਿੰਘ ਵਲੋਂ ਸਾਰੇ ਸਾਥੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਚੇਤਨਾ ਕਨਵੈਨਸ਼ਨ ਵਿੱਚ ਕੀਤੇ ਗਏ ਫੈਸਲਿਆਂ ਤਹਿਤ ਜ਼ਿਲ੍ਹੇ ਅੰਦਰ ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਨੂੰ ਮੋਦੀ ਸਰਕਾਰ ਨੂੰ ਹਰਾਉਣ ਅਤੇ ਸੂਬਾ ਸਰਕਾਰ ਨੂੰ ਸਬਕ ਸਿਖਾਉਣ ਲਈ ਪ੍ਰੇਰਿਤ ਕੀਤਾ ਜਾਵੇ। ਇਸ ਮੌਕੇ ਮਨਜੀਤ ਬਾਜਵਾ, ਦਵਿੰਦਰ ਸਿੰਘ, ਪ੍ਰਿਤਪਾਲ ਸਿੰਘ, ਹਰਮੇਸ਼ ਪਾਲ, ਬਲਵਿੰਦਰ ਸਿੰਘ, ਬਲਵੀਰ ਸਿੰਘ, ਪਵਨ ਕੁਮਾਰ, ਅਜੀਤ ਸਿੰਘ, ਇੰਦਰ ਸਿੰਘ, ਰਕੇਸ਼ ਕੁਮਾਰ, ਬਲਵੀਰ ਸੈਣੀ, ਜਗਜੀਤ ਸਿੰਘ, ਵਿਕਾਸ ਸ਼ਰਮਾ ਆਦਿ ਆਗੂ ਵੀ ਹਾਜਰ ਸਨ।

ਦੂਜੇ ਸਵੈ-ਇੱਛੁਕ ਖੂਨਦਾਨ ਕੈਂਪ ਮੌਕੇ 56 ਯੂਨਿਟ ਬਲੱਡ ਇਕੱਤਰ

ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ) ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੰਸਥਾ ਸ਼ਿਵਾਲਿਕ ਨਿਊਜ਼ ਵੱਲੋਂ ਲਗਾਏ ਗਏ ਦੂਜੇ ਸਵੈ ਇੱਛਕ ਖੂਨਦਾਨ ਕੈਂਪ ਮੌਕੇ 56 ਯੂਨਿਟ ਬਲੱਡ ਇਕੱਤਰ ਕੀਤਾ ਗਿਆ ਸੰਸਥਾ ਵਲੋਂ ਇਸ ਖੂਨਦਾਨ ਕੈਂਪ ਨੂੰ ਸਫਲ ਬਣਾਉਣ ਵਾਲੇ ਸਾਰੇ ਸਾਥੀਆਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਹ ਖੂਨਦਾਨ ਕੈਂਪ ਸ਼੍ਰੀ ਵਿਸ਼ਵਕਰਮਾਂ ਮੰਦਿਰ ਗੜ੍ਹਸ਼ੰਕਰ ਵਿਖੇ ਸੰਤ ਬਾਬਾ ਗੁਰਮੇਲ ਸਿੰਘ ਬਲੱਡ ਬੈਂਕ ਬਲਾਚੌਰ ਦੇ ਤਕਨੀਕੀ ਸਹਿਯੋਗ ਨਾਲ ਲਗਾਇਆ ਗਿਆ।ਖੂਨਦਾਨ ਕੈਂਪ ਦਾ ਉਦਘਾਟਨ ਮੈਡਮ ਨਮਿਸ਼ਾ ਮਹਿਤਾ ਵਲੋਂ ਕੀਤਾ ਗਿਆ ।ਇਸ ਮੌਕੇ ਆਈ ਵੀ ਵਾਈ ਹਸਪਤਾਲ ਨਵਾਂ ਸ਼ਹਿਰ ਦੇ ਸਹਿਯੋਗ ਨਾਲ ਫਰੀ ਮੈਡੀਕਲ ਚੈੱਕਅੱਪ ਕੈਂਪ ਵੀ ਲਗਾਇਆ ਗਿਆ ਜਿਸ ਦਾ ਉਦਘਾਟਨ ਨਗਰ ਕੌਂਸਲ ਗੜ੍ਹਸ਼ੰਕਰ ਦੇ ਸੀਨੀਅਰ ਮੀਤ ਪ੍ਰਧਾਨ ਸੋਮਨਾਥ ਬੰਗੜ ਵੱਲੋਂ ਕੀਤਾ ਗਿਆ ।ਇਲਾਕੇ ਦੇ ਸਮਾਜ ਸੇਵੀ ਗੋਲਡੀ ਸਿੰਘ ਬੀਹੜਾਂ ਨੇ ਕਿਹਾ ਕਿ ਸੰਸਥਾ ਸ਼ਿਵਾਲਿਕ ਨਿਊਜ਼ ਦਾ ਖੂਨਦਾਨ ਕੈਂਪ ਲਗਾਉਣਾ ਸ਼ਲਾਘਾਯੋਗ ਕਦਮ ਹੈ ਅਤੇ ਮਾਨਵਤਾ ਦੀ ਭਲਾਈ ਲਈ ਖੂਨਦਾਨ ਕੈਂਪ ਲਗਾਉਣੇ ਅੱਜ ਸਮੇਂ ਦੀ ਮੁੱਖ ਲੋੜ ਬਣ ਚੁੱਕੀ ਹੈ ।ਆਦਰਸ਼ ਸੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਛਾਂਦਾਰ ਅਤੇ ਫਲਦਾਰ ਬੂਟਿਆਂ ਦਾ ਫਰੀ ਲੰਗਰ ਵੀ ਲਗਾਇਆ ਗਿਆ। ਇਸ ਮੌਕੇ ਬਾਬਾ ਕੇਵਲ ਸਿੰਘ, ਉਪਕਾਰ ਟਰੱਸਟ ਗੜ੍ਹਸ਼ੰਕਰ ਤੋਂ ਸੁਪਰਸਤ ਭੁਪਿੰਦਰ ਸਿੰਘ ਰਾਣਾ,ਦਰਸ਼ਨ ਸਿੰਘ ਮੱਟੂ,ਬੀਬੀ ਸੁਭਾਸ਼ ਮੱਟੂ,ਜਸਵੀਰ ਸਿੰਘ ਰਾਏ, ਪ੍ਰਿੰ ਬਿੱਕਰ ਸਿੰਘ, ਜਥੇਦਾਰ ਜੋਗਾ ਸਿੰਘ ਬਗਵਾਈ,ਵਿਸ਼ਵਕਰਮਾ ਸਭਾ ਤੋਂ ਪ੍ਰਧਾਨ ਜੋਗਿੰਦਰ ਸਿੰਘ ,ਸਕੱਤਰ ਭੁਪਿੰਦਰ ਸਿੰਘ , ਖਜਾਨਚੀ ਮਹਿੰਦਰ ਸਿੰਘ, ਕੁਲਵਿੰਦਰ ਬਿੱਟੂ,ਮੈਡਮ ਸਰਿਤਾ ਸ਼ਰਮਾ,ਸਤੀਸ਼ ਕੁਮਾਰ,ਨਿਰਮਲ ਮੁੱਗੋਵਾਲ,ਕਿਸਾਨ ਆਗੂ ਜਸਵੰਤ ਸਿੰਘ ਭੱਠਲ,ਬਘੇਲ ਸਿੰਘ ਲੱਲੀਆਂ, ਸੈਡੀ ਭੱਜਲਾ,ਸੁਖਵਿੰਦਰ ਸੈਣੀ,ਜਸਵੀਰ ਝੱਲੀ,ਲਖਵਿੰਦਰ ਧਾਲੀਵਾਲ,ਅਜਾਇਬ ਬੋਪਾਰਾਏ,

ਰਾਕੇਸ਼ ਕੁਮਾਰ ਪਰਜਾਪਤੀ, ਰਾਮਪਾਲ ਭਾਰਦਵਾਜ ,ਹਰੀ ਕ੍ਰਿਸ਼ਨ ਗੰਗੜ,ਹੈਪੀ ਸਾਧੋਵਾਲ,ਨਵਕਾਤ ਭਰੋਮਜ਼ਾਰਾ, ਦਲਵੀਰ ਰਾਜੂ,ਚੌਧਰੀ ਨਰੇਸ਼ ਭੂੰਬਲਾ,ਡਾ ਲਖਵਿੰਦਰ ਸਿੰਘ ਬਿਲੜੋਂ,ਸਤੀਸ਼ ਕੁਮਾਰ,ਰੋਕੀ ਮੋਲਾ,ਦਵਿੰਦਰ ਸਿੰਘ ਬਡੇਸਰੋਂ,ਸੰਦੀਪ ਕੁਮਾਰ ਬੋੜਾ,ਓਕਾਰ ਚਾਹਲਪੁਰੀ,ਹਰਨੇਕ ਨਿੱਕਾ,ਅਸ਼ੋਕ ਕੁਮਾਰ ਬਡੇਸਰੋਂ,ਜਸਵਿੰਦਰ ਹੀਰ,ਅਮਰੀਕ ਲਾਲ,ਦਵਿੰਦਰ ਸਿੰਘ ਬੀਰਮਪੁਰ,ਪ੍ਰਿੰ ਸਰਬਜੀਤ ਸਿੰਘ,ਵਰਿੰਦਰ ਕੁਮਾਰ,ਜਸਪ੍ਰੀਤ ਬੀਰਮਪੁਰ,ਰਣਵੀਰ ਬੀਰਮਪੁਰ,ਬਲਜਿੰਦਰ ਕਿੱਤਣਾ, ਸੁਖਦੇਵ ਡਾਨਸੀਵਾਲ, ਬਲਵਿੰਦਰ ਗੜ੍ਹਸ਼ੰਕਰ,ਪ੍ਰੀਤ ਪਾਰੋਵਾਲ,ਰਾਜਨ ਬੀਰਮਪੁਰ,ਸੰਜੀਵ ਕਟਾਰੀਆ,ਰਮਨ ਬੀਰਮਪੁਰ,ਪਰਮਵੀਰ ਸਿੰਘ ਅਤੇ ਹੋਰ ਹਾਜ਼ਰ ਸਨ।

ਜਨਮ ਦਿਨ ਮੁਬਾਰਕ

ਸ਼ਗਨਪ੍ਰੀਤ ਕੌਰ, ਮੋਰਿੰਡਾ

ਕਾਕਾ ਅਗਮਜੀਤ ਸਿੰਘ

ਭਾਈ ਨੰਦ ਲਾਲ ਪਬਲਿਕ ਸਕੂਲ ਦੀ ਬਾਰ੍ਹਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ

ਸ਼੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅਨੰਦਪੁਰ ਸਾਹਿਬ ਦੀ ਸਿਰਮੌਰ ਅਤੇ ਸੀ.ਬੀ.ਐਸ.ਈ ਤੋਂ ਮਾਨਤਾ ਪ੍ਰਾਪਤ ਇਲਾਕੇ ਦੀ ਮੋਹਰੀ ਵਿੱਦਿਅਕ ਸੰਸਥਾ ਭਾਈ ਨੰਦ ਲਾਲ ਪਬਲਿਕ ਸਕੂਲ ਸ਼੍ਰੀ ਅਨੰਦਪੁਰ ਸਾਹਿਬ ਦਾ ਸੀ.ਬੀ.ਐਸ.ਈ ਦਿੱਲੀ ਵੱਲੋਂ ਬਾਰਵੀਂ ਜਮਾਤ ਦਾ ਨਤੀਜਾ 13 ਮਈ ਨੂੰ ਐਲਾਨਿਆ ਗਿਆ।ਪ੍ਰਬੰਧਕਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ੈਸ਼ਨ 2023-24 ਦਾ ਨਤੀਜਾ ਸ਼ਾਨਦਾਰ ਰਿਹਾ।ਜਿਸ ਵਿੱਚ ਆਰਟਸ ਗਰੁੱਪ ਵਿੱਚੋਂ ਗੁੰਜਨ ਧੀਮਾਨ ਨੇ 95.2% ਅੰਕ ਲੈ ਕੇ ਪਹਿਲਾ, ਸਥਾਨ ਅਮਨਜੋਤ ਕੌਰ ਨੇ 90.8% ਅੰਕ ਲੈ ਕੇ ਦੂਜਾ ਸਥਾਨ ਸੁਖਪ੍ਰੀਤ ਸਿੰਘ 83.4% ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸੇ ਤਰਾਂ ਹੀ ਕਾਮਰਸ ਗਰੁੱਪ ਵਿੱਚੋਂ ਅਦਿਤੀ ਸ਼ਰਮਾ ਨੇ 91.2% ਅੰਕ ਲੈ ਕੇ ਪਹਿਲਾ, ਕੁੰਸ਼ ਚੇਤਲ ਨੇ 89.6% ਅੰਕ ਲੈ ਕੇ ਦੂਜਾ, ਨਵਜੋਤ ਪ੍ਰੀਤ ਕੌਰ ਨੇ 88.8% ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ। ਮੈਡੀਕਲ ਗਰੁੱਪ ਵਿੱਚੋਂ ਤਨਵੀਰ ਕੌਰ ਨੇ 89.6 ਅੰਕ ਲੈ ਕੇ ਪਹਿਲਾ, ਸਿਮਰਨਜੀਤ ਸਿੰਘ ਨੇ 79% ਅੰਕ ਲੈ ਕੇ ਦੂਜਾ ਸਥਾਨ ਤੇ ਮਨਕਿਰਨ ਕੌਰ ਨੇ 75% ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ ਤੇ ਨਾਨ ਮੈਡੀਕਲ ਵਿੱਚੋਂ ਜਸਪ੍ਰੀਤ ਕੌਰ ਨੇ 85.6% ਅੰਕ ਲੈ ਕੇ ਪਹਿਲਾ ਸਥਾਨ, ਮਨਪ੍ਰੀਤ ਕੌਰ ਨੇ 83.4% ਅੰਕ ਲੈ ਕੇ ਦੂਜਾ ਸਥਾਨ, ਦਿਲਜੀਤ ਸਿੰਘ ਨੇ 82.8% ਅੰਕ ਲੈ ਕੇ ਤੀਜਾ ਸਥਾਨ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ:ਸਤਨਾਮ ਸਿੰਘ ਨੇ ਕਿਹਾ ਕਿ ਇਹ ਸਮੁੱਚੀ ਪ੍ਰਾਪਤੀ ਸਾਂਝੇ ਉੱਦਮ ਦੀ ਮੂੰਹ ਬੋਲਦੀ ਤਸਵੀਰ ਹੈ,ਉਨਾਂ ਕਿਹਾ ਕਿ ਭਵਿੱਖ ਵਿੱਚ ਅਸੀਂ ਹੋਰ ਸ਼ਾਨਦਾਰ ਪ੍ਰਾਪਤੀਆਂ ਕਰਾਂਗੇ।ਪ੍ਰਿੰਸੀਪਲ ਸਤਨਾਮ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ:ਹਰਜਿੰਦਰ ਸਿੰਘ ਧਾਮੀ,ਸ:ਸੁਖਮਿੰਦਰ ਸਿੰਘ ਵਿੱਦਿਆ ਸਕੱਤਰ,ਬੀਬੀ ਸਤਵੰਤ ਕੋਰ ਸਹਾਇਕ ਡਾਈਰੈਕਟਰ (ਸਕੂਲ) ਦੀ ਸੁਚੱਜੀ ਅਗਵਾਈ ਹੇਠ ਭਾਈ ਨੰਦ ਲਾਲ ਪਬਲਿਕ ਸਕੂਲ ਸਿੱਖਿਆ ਦੇ ਨਾਲ ਨਾਲ ਹਰ ਖੇਤਰ ਵਿੱਚ ਨਵੀਆਂ ਮੱਲਾਂ ਮਾਰ ਰਿਹਾ ਹੈ।ਉਨਾਂ ਸਮੁੱਚੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਵੀ ਸ਼ੁਭਕਾਮਨਾਵਾਂ ਦਿੱਤੀਆਂ।

ਵਿਲੱਖਣ ਤਰੀਕੇ ਨਾਲ਼ ਚਲਾਇਆ ਵੋਟਰ ਜਾਗਰੂਕਤਾ ਅਭਿਆਨ

ਨਵਾਂਸ਼ਹਿਰ (ਮਨੋਜ ਲਾਡੀ)-ਮੁੱਖ ਚੋਣ ਅਫਸਰ ਪੰਜਾਬ ਦੀਆਂ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣ ਅਫਸਰ ਨਵਜੋਤ ਪਾਲ ਸਿੰਘ ਰੰਧਾਵਾ ਦੇ ਹੁਕਮਾਂ ਅਤੇ ਰਾਜੀਵ ਵਰਮਾ ਐਡੀਸ਼ਨਲ ਡਿਪਟੀ ਕਮਿਸ਼ਨਰ-ਕਮ- ਨੋਡਲ ਅਫਸਰ ਸਵੀਪ ਦੇ ਨਿਰਦੇਸ਼ਾਂ ਅਨੁਸਾਰ ਲੋਕ ਸਭਾ ਚੋਣਾਂ 2024 ਨੂੰ ਮੁੱਖ ਰੱਖਦੇ ਹੋਏ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਜ਼ਿਲ੍ਹਾ ਸਵੀਪ ਟੀਮ ਵਲੋਂ ਵਿਲੱਖਣ ਤਰੀਕੇ ਨਾਲ਼ ਆਮ ਵੋਟਰਾਂ ਨੂੰ ਜਾਗਰੂਕ ਕਰਨ ਦਾ ਅਭਿਆਨ ਸ਼ੁਰੂ ਕੀਤਾ ਗਿਆ।ਸਵੀਪ ਦੇ ਨੋਡਲ ਅਫਸਰ ਸਤਨਾਮ ਸਿੰਘ ਸੂੰਨੀ, ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ, ਸਹਾਇਕ ਪ੍ਰੋਫੈਸਰ ਹਰਦੀਪ ਕੌਰ ਅਤੇ ਉਂਕਾਰ ਸਿੰਘ ਕੰਪਿਊਟਰ ਫੈਕਲਟੀ ਵਲੋਂ ਜ਼ਿਲ੍ਹੇ ਦੀਆਂ ਵੱਖ-ਵੱਖ ਥਾਵਾਂ ਤੇ ਹਦਵਾਣੇ ਅਤੇ ਨਾਰੀਅਲ ਦੀਆਂ ਫੜ੍ਹਾਂ 'ਤੇ ਜਾ ਕੇ ਉਨ੍ਹਾਂ ਉੱਪਰ ਚੋਣਾਂ ਦਾ ਪਰਵ, ਦੇਸ਼ ਦਾ ਗਰਵ ਅਤੇ 'ਪੰਜਾਬ ਮਨਾਏਗਾ ਪਹਿਲੀ ਜੂਨ ਨੂੰ ਲੋਕਤੰਤਰ ਦਾ ਮਹਾਂਉਤਸਵ' ਦੇ ਸਟਿੱਕਰ ਚਿਪਕਾਏ ਗਏ ਜਿਸਨੇ ਆਮ ਜਨਤਾ ਨੂੰ ਬਹੁਤ ਪ੍ਰਭਾਵਿਤ ਕੀਤਾ ਅਤੇ ਆਪ ਮੁਹਾਰ ਆਮ ਵੋਟਰਾਂ ਵਲੋਂ ਸਵੀਪ ਟੀਮ ਨੂੰ ਇਸ ਗਤੀਵਿਧੀ ਬਾਰੇ ਪੁੱਛਿਆ, ਜਿਸ 'ਤੇ ਸਵੀਪ ਟੀਮ ਦੇ ਨੋਡਲ ਅਫਸਰ ਸਤਨਾਮ ਸਿੰਘ ਸੂੰਨੀ, ਦੁਆਰਾ ਹਾਜ਼ਰ ਵੋਟਰਾਂ ਨੂੰ ਪੰਜਾਬ ਵਿੱਚ ਪਹਿਲੀ ਜੂਨ ਨੂੰ ਆ ਰਹੇ ਲੋਕਤੰਤਰ ਦੇ ਮਹਾਂਉਤਸਵ ਦੌਰਾਨ ਆਪਣੀ ਵੋਟ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਹਾਜ਼ਰ ਸਬਜ਼ੀ ਵਿਕ੍ਰੇਤਾਵਾਂ ਵਲੋਂ ਵੀ ਇਹ ਕਿਹਾ ਕਿ ਅਸੀਂ ਸਬਜ਼ੀ ਵੇਚਣ ਦੇ ਨਾਲ਼ ਨਾਲ਼ ਪਹਿਲੀ ਜੂਨ ਨੂੰ ਵੋਟਾਂ ਪਾਉਣ ਦਾ ਹੋਕਾ ਵੀ ਦਿਆਂਗੇ।ਇਸ ਮੌਕੇ ਸਹਾਇਕ ਪ੍ਰੋਫੈਸਰ ਹਰਦੀਪ ਕੌਰ ਕਿ ਸਾਨੂੰ ਔਰਤਾਂ ਨੂੰ ਬਿਨ੍ਹਾਂ ਕਿਸੇ ਦਬਾਅ , ਡਰ ,ਲਾਲਚ ਜਾਤ-ਪਾਤ ਦੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਦੇਸ਼ ਦੇ ਸਰਵਪੱਖੀ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।ਸਾਨੂੰ ਆਪਣੇ ਪਰਵਾਰ, ਆਂਢ-ਗੁਆਂਢ, ਰਿਸ਼ਤੇਦਾਰ, ਗਲ਼ੀ ਮੁਹੱਲੇ ਦੇ ਵੋਟਰਾਂ ਨੂੰ ਵੀ ਜਾਗਰੂਕ ਕਰਨਾ ਚਾਹੀਦਾ ਹੈ।ਇਸ ਮੌਕੇ ਜੈਸ਼ੰਕਰ, ਰਣਜੀਤ ਸਿੰਘ, ਉਂਕਾਰ ਸਿੰਘ, ਰਾਮਪਾਲ, ਜੈਗੋਪਾਲ, ਗੋਪੀ, ਮੋਹਣਲਾਲ, ਮਨੀ,ਲਵਪ੍ਰੀਤ ਆਦਿ ਹਾਜ਼ਰ ਸਨ।

ਇਨੋਵੇਟਿਵ ਜੂਨੀਅਰ ਸਕੂਲ 'ਚ ਮਾਂ ਦਿਵਸ 'ਤੇ ਵਿਸ਼ੇਸ਼ ਪ੍ਰੋਗਰਾਮ

ਟਾਂਡਾ ਉੜਮੁੜ (ਉਂਕਾਰ ਸਿੰਘ, ਜਸਵਿੰਦਰ) -'ਮਾਂ' ਇੱਕ ਅਜਿਹਾ ਸ਼ਬਦ ਹੈ ਜੇਕਰ ਇਸ ਸ਼ਬਦ ਦੀ ਤੁਲਨਾ ਕਿਸੇ ਸ਼ਬਦ ਨਾਲ ਕਰਨੀ ਹੋਵੇ ਤਾਂ ਇਸ ਦਾ ਪਰਿਆਵਾਚੀ ਜਾ ਬਰਾਬਰ ਦੇ ਲਈ ਕੇਵਲ ਇੱਕੋ ਇੱਕ ਸ਼ਬਦ ਹੈ 'ਰੱਬ' ਭਾਵ ਮਾਂ ਦਾ ਦਰਜਾ ਸਾਡੇ ਸਮਾਜ ਨੇ ਰੱਬ ਦੇ ਦਰਜੇ ਬਰਾਬਰ ਰੱਖਿਆ, ਇਸ ਦਾ ਪ੍ਰਮੁੱਖ ਕਾਰਨ ਜਿਵੇਂ ਰੱਬ ਆਪਣੀ ਆਤਮਾਵਾਂ ਨੂੰ ਪਿਆਰ ਕਰਦਾ ਹੈ ਉਸੇ ਤਰ੍ਹਾਂ ਮਾਂ ਆਪਣੇ ਬੱਚਿਆਂ ਨੂੰ ਇਸ ਕਦਰ ਪਿਆਰ ਕਰਦੀ ਹੈ ਕਿ ਉਸ ਤੋਂ ਨਿੱਕਾ ਜਿਹਾ ਦੁੱਖ ਵੀ ਬਰਦਾਸ਼ਤ ਨਹੀਂ ਹੁੰਦਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਇਨੋਵੇਟਿਵ ਜੂਨੀਅਰ ਸਕੂਲ ਉੜਮੜ ਵਿਖੇ ਮਾਂ ਦਿਵਸ ਸਬੰਧੀ ਆਯੋਜਿਤ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਕੋਆਰਡੀਨੇਟਰ ਨਰਿੰਦਰ ਕੌਰ